PUNJABI UNIVERSITY PATIALA

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਸਭ ਹੱਕ ਰਾਖਵੇਂ ਹਨ)

**ਐਮ.ਏ. (ਸਿੱਖਿਆ) ਭਾਗ ਦੂਜਾ** **ਪਰਚਾ ਚੌਥਾ (ਆਪਸ਼ਨਲ)**
**ਸਮੈਸਟਰ ਤੀਜਾ** **ਵਿਸ਼ੇਸ਼ ਸਿੱਖਿਆ**

**ਯੂਨਿਟ ਨੰਬਰ : ੳ, ਅ**

**ਪਾਠ ਨੰਬਰ :**

## ਯੂਨਿਟ – ੳ

1.1 ਵਿਸ਼ੇਸ਼ ਸਿੱਖਿਆ : ਅਰਥ, ਲੋੜ ਅਤੇ ਮਹੱਤਤਾ

1.2 ਅਸਾਧਾਰਣ ਬੱਚਿਆਂ ਦਾ ਵਰਗੀਕਰਣ

1.3 ਵਿਸ਼ੇਸ਼ ਸਿੱਖਿਆ ਵਿਚਲੇ ਝੁਕਾਅ

1.4 ਆਤਮਲੀਨਤਾ ਵਾਲੇ ਬੱਚੇ

ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ www.pbidde.org ਤੋਂ ਡਾਊਨਲੋਡ ਕਰਨ।

**ਪਾਠ ਨੰ: 1.1**

# ਵਿਸ਼ੇਸ਼ ਸਿੱਖਿਆ : ਅਰਥ, ਲੋੜ ਅਤੇ ਮਹੱਤਤਾ

## ਪਾਠ ਦੀ ਸੰਰਚਨਾ

1.1.1 ਉਦੇਸ਼
1.1.2 ਭੂਮਿਕਾ
1.1.3 ਵਿਸ਼ੇਸ਼ ਸਿੱਖਿਆ ਦਾ ਅਰਥ
1.1.4 ਵਿਸ਼ੇਸ਼ ਸਿੱਖਿਆ ਦੀ ਲੋੜ
1.1.5 ਵਿਸ਼ੇਸ਼ ਸਿੱਖਿਆ ਦੀ ਮਹੱਤਤਾ
1.1.6 ਤਜਵੀਜ਼ਤ ਪ੍ਰਸ਼ਨ
1.1.7 ਤਜਵੀਜ਼ਤ ਪੁਸਤਕਾਂ ਅਤੇ ਵੈੱਬ ਸ੍ਰੋਤ

**1.1.1 ਉਦੇਸ਼ :** ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਇਸ ਯੋਗ ਹੋ ਜਾਣਗੇ ਕਿ ਉਹ :

1. ਵਿਸ਼ੇਸ਼ ਸਿੱਖਿਆ ਦਾ ਅਰਥ ਸਮਝ ਸਕਣਗੇ।
2. ਵਿਸ਼ੇਸ਼ ਸਿੱਖਿਆ ਦੀ ਮਹੱਤਤਾ ਨੂੰ ਬਿਆਨ ਕਰ ਸਕਣਗੇ।
3. ਵਿਸ਼ੇਸ਼ ਸਿੱਖਿਆ ਦੀ ਲੋੜ ਨੂੰ ਵਿਅਕਤ ਕਰ ਸਕਣਗੇ।

**1.1.2 ਭੂਮਿਕਾ:** ਅਸੀ ਵਿਸ਼ੇਸ਼ ਸਿੱਖਿਆ ਦੇ ਅਧਿਐਨ ਨੂੰ ਚਾਰ ਪਰਿਭਾਸ਼ਕ ਸ਼ਬਦਾਂ ਵਿੱਚ ਬਿਆਨ ਕਰਾਂਗੇ। ਇਹ ਹਨ: ਅਸਧਾਰਣ ਬੱਚੇ, ਅੰਗਹੀਣ ਬੱਚੇ, ਅਪੰਗ ਬੱਚੇ ਅਤੇ ਉਹ ਬੱਚੇ ਜਿਹੜੇ ਖਤਰੇ ਵਿੱਚ ਹਨ। ਅਸਾਧਾਰਣ ਬੱਚਿਆਂ ਵਿੱਚ ਦੋਵੇਂ ਕਿਸਮ ਦੇ ਬੱਚੇ ਆ ਜਾਂਦੇ ਹਨ, ਜਿਨ੍ਹਾਂ ਨੂੰ ਪੜ੍ਹਨ ਵਿੱਚ ਮੁਸ਼ਕਲ ਆਉਂਦੀ ਹੈ ਅਤੇ ਉਹ ਬੱਚੇ ਜਿਨ੍ਹਾਂ ਦਾ ਪ੍ਰਦਰਸ਼ਨ ਬਹੁਤ ਵਧੀਆ ਹੁੰਦਾ ਹੈ ਅਤੇ ਉਨ੍ਹਾਂ ਨੂੰ ਹੋਰ ਵਧੇਰੇ ਸਮਰਥ ਤੇ ਯੋਗ ਬਣਾਉਣ ਲਈ ਵਿਸ਼ੇਸ਼ ਸਿੱਖਿਆ ਲੋੜੀਂਦੀ ਹੁੰਦੀ ਹੈ। ਇਸ ਕਰਕੇ ਕਿਹਾ ਜਾ ਸਕਦਾ ਹੈ ਕਿ 'ਅਸਧਾਰਣ ਬੱਚੇ' ਇੱਕ ਐਸਾ ਸ਼ਬਦ ਹੈ, ਜਿਸ ਵਿੱਚ ਸਰੀਰਕ ਤੌਰ ਤੇ ਅੰਗਹੀਣ ਅਤੇ ਉਹ ਬੱਚੇ ਆ ਜਾਂਦੇ ਹਨ, ਜਿਨ੍ਹਾਂ ਅੰਦਰ ਪੜ੍ਹਨ ਸਬੰਧੀ ਜਾਂ ਵਿਵਹਾਰਿਕ ਕਿਸਮ ਦੀਆਂ ਸਮੱਸਿਆਵਾਂ ਮੌਜੂਦ ਹੁੰਦੀਆਂ ਹਨ। ਇਸਦੇ ਨਾਲ ਹੀ ਉਹ ਬੱਚੇ ਵੀ ਆ ਜਾਂਦੇ ਹਨ, ਜਿਹੜੇ ਬੌਧਿਕ ਤੌਰ ਤੇ ਬਹੁਤ ਸਿਆਣੇ ਹੁੰਦੇ ਹਨ।

**ਅੰਗਹੀਣਤਾ** ਵਿੱਚ ਸਰੀਰ ਦਾ ਕੋਈ ਭਾਗ ਕੰਮ ਕਰਨਾ ਬੰਦ ਕਰ ਦਿੰਦਾ ਹੈ ਜਾਂ ਸਰੀਰ ਨਾਲੋਂ ਅੱਡ ਹੋ ਜਾਂਦਾ ਹੈ: ਅਕਸਰ ਸਰੀਰ ਦੇ ਵਿਗਾੜ ਨੂੰ ਅੰਗਹੀਣਤਾ ਹੀ ਸਮਝ ਲਿਆ ਜਾਂਦਾ ਹੈ। ਅੰਗਹੀਣਤਾ ਵਿਚ ਵਿਅਕਤੀ ਕੁਝ ਖਾਸ ਕਾਰਜ ਕਰਨ ਤੋਂ ਵਾਂਝਾ ਹੋ ਜਾਂਦਾ ਹੈ, ਜਿਵੇਂ ਕਿ (ਦੇਖਣਾ, ਸੁਣਨਾ, ਤੁਰਨਾ ਆਦਿ) ਉਹ ਇੱਕ ਸਧਾਰਣ ਵਿਅਕਤੀ ਵਾਂਗ ਇਹ ਸਭ ਕੁਝ ਨਹੀਂ ਕਰ ਪਾਉਂਦਾ। ਇੱਕ ਅੰਗਹੀਣ ਵਿਅਕਤੀ ਅਪੰਗ ਨਹੀਂ ਹੁੰਦਾ, ਜੇਕਰ ਉਸਦੀ ਸਰੀਰਕ ਅੰਗਹੀਣਤਾ ਉਸਦੇ

ਵਿਦਿਅਕ, ਨਿੱਜੀ, ਸਮਾਜਿਕ, ਵਿਵਸਾਇਕ ਜਾਂ ਕਿਸੇ ਹੋਰ ਖੇਤਰ ਵਿੱਚ ਮੁਸ਼ਕਿਲ ਪੈਦਾ ਨਹੀਂ ਕਰਦੀ। ਮਿਸਾਲ ਦੇ ਤੌਰ ਤੇ ਜੇ ਕੋਈ ਬੱਚਾ ਆਪਣੀ ਲੱਤ ਗਵਾ ਬੈਠਦਾ ਹੈ ਅਤੇ ਉਹ ਬਨਾਵਟੀ ਲੱਤ ਨਾਲ ਆਪਣੇ ਸਕੂਲ ਦੇ ਸਾਰੇ ਕਾਰਜ ਅਤੇ ਬਾਹਰਲੇ ਸਾਰੇ ਕਾਰਜ ਕੁਸ਼ਲਤਾ ਨਾਲ ਕਰ ਲੈਂਦਾ ਹੈ, ਤਾਂ ਉਸ ਬੱਚੇ ਨੂੰ ਅਸੀਂ ਅਪੰਗ ਨਹੀਂ ਕਹਿ ਸਕਦੇ। ਅਪੰਗਤਾ ਉਸਨੂੰ ਆਖਿਆ ਜਾਂਦਾ ਹੈ ਜਦੋਂ ਕੋਈ ਵਿਅਕਤੀ ਆਪਣੀ ਅੰਗਹੀਣਤਾ ਕਾਰਣ ਸਮਾਜ ਵਿਚ ਵਿਚਰਦੇ ਹੋਏ ਸਮੱਸਿਆ ਦਾ ਸਾਹਮਣਾ ਕਰਦਾ ਹੈ। ਉਸ ਦੀ ਅੰਗਹੀਣਤਾ ਹਰ ਜਗ੍ਹਾਂ ਸਮੱਸਿਆ ਦਾ ਕਾਰਨ ਨਹੀਂ ਬਣਦੀ। ਉਦਾਹਰਣ ਦੇ ਤੋਰ ਤੇ ਇੱਕ ਬੱਚੇ ਦੀ ਅਪੰਗਤਾ ਉਸ ਸਮੇਂ ਜ਼ਾਹਿਰ ਹੁੰਦੀ ਹੈ ਜਦੋਂ ਉਹ ਆਪਣੇ ਉਨ੍ਹਾਂ ਸਾਥੀਆਂ ਨਾਲ ਬਾਸਕਟਬਾਲ ਖੇਡਦਾ ਹੈ, ਜਿਹੜੇ ਸਰੀਰਕ ਤੌਰ ਤੇ ਤੰਦਰੁਸਤ ਹਨ, ਲੇਕਿਨ ਕਲਾਸ ਵਿੱਚ ਉਸੇ ਬੱਚੇ ਨੂੰ ਅਪੰਗਤਾ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਅਪੰਗ ਬੱਚੇ ਸ਼ਬਦ ਅਸਾਧਾਰਣ ਬੱਚੇ ਸ਼ਬਦ ਨਾਲੋਂ ਕਾਫੀ ਸੀਮਿਤ ਹੈ ਕਿਉਂਕਿ ਅਸਾਧਾਰਣ ਬੱਚਿਆਂ ਵਿੱਚ ਪ੍ਰਤਿਭਾਸ਼ਾਲੀ ਅਤੇ ਗੁਣਵਾਨ ਬੱਚੇ ਆ ਜਾਂਦੇ ਹਨ।

**ਜੋਖਮ** ਵਾਲੇ ਬੱਚਿਆਂ ਵਿਚ ਉਹ ਬੱਚੇ ਆ ਜਾਂਦੇ ਹਨ, ਜਿਹੜੇ ਹਾਲ ਦੀ ਘੜੀ ਅਪੰਗ ਜਾਂ ਅੰਗਹੀਣ ਨਹੀਂ ਹਨ, ਲੇਕਿਨ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਦੇ ਅਪੰਗ ਹੋਣ ਦੇ ਪੂਰੇ ਆਸਾਰ ਹੁੰਦੇ ਹਨ। ਇਹ ਸ਼ਬਦ ਉਨ੍ਹਾਂ ਨਿੱਕੇ ਬੱਚਿਆਂ ਵਾਸਤੇ ਵਰਤਿਆ ਜਾਂਦਾ ਹੈ, ਜਿਹੜੇ ਅਜੇ ਸਕੂਲ ਨਹੀਂ ਗਏ ਲੇਕਿਨ ਉਨ੍ਹਾਂ ਦੇ ਚੌਗਿਰਦੇ ਅਤੇ ਵਾਤਾਵਰਣ ਨੂੰ ਮੱਦੇਨਜ਼ਰ ਰੱਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਭਵਿੱਖ ਵਿੱਚ ਉਨ੍ਹਾਂ ਦੇ ਵਿਕਾਸ ਕਰਨ ਦੀਆਂ ਸਮੱਸਿਆਵਾਂ ਆ ਸਕਦੀਆਂ ਹਨ। ਇਹ ਸ਼ਬਦ ਉਨ੍ਹਾਂ ਬੱਚਿਆਂ ਲਈ ਵੀ ਵਰਤਿਆ ਜਾਂਦਾ ਹੈ, ਜਿਨ੍ਹਾਂ ਨੂੰ ਕਲਾਸ ਵਿੱਚ ਪੜ੍ਹਨ ਸਮੇਂ ਸਮੱਸਿਆਵਾਂ ਆਉਂਦੀਆਂ ਹਨ, ਇਸ ਕਾਰਣ ਉਨ੍ਹਾਂ ਦੇ ਅਪੰਗ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ।

**1.1.3 ਵਿਸ਼ੇਸ਼ ਸਿੱਖਿਆ ਦਾ ਅਰਥ :-** ਵਿਸ਼ੇਸ਼ ਸਿੱਖਿਆ ਉਨ੍ਹਾਂ ਬੱਚਿਆਂ ਲਈ ਹੁੰਦੀ ਹੈ, ਜਿਨ੍ਹਾਂ ਨੂੰ ਇਸਦੀ ਵਿਸ਼ੇਸ਼ ਤੇ ਖਾਸ ਲੋੜ ਹੁੰਦੀ ਹੈ, ਜਿਵੇਂ ਕਿ ਬੌਧਿਕ ਪੱਧਰ ਵਿਚ ਅੰਤਰ ਹੋਵੇ, ਮਾਨਸਿਕ ਸਮੱਸਿਆਵਾਂ ਹੋਣ, ਵਿਸ਼ੇਸ਼ ਅੰਗਹੀਣਤਾ ਹੋਵੇ (ਜਿਸ ਵਿਚ ਸਰੀਰਕ ਜਾਂ ਵਿਕਾਸ ਸ਼ਾਮਿਲ ਹਨ) ਅਤੇ ਕੋਈ ਬੱਚਾ ਵਧੇਰੇ ਪ੍ਰਤਿਭਾਵਾਨ ਹੋਵੇ।

ਹਰੇਕ ਸਮਾਜ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚੇ ਮੌਜੂਦ ਹੁੰਦੇ ਹਨ। ਪਿਛਲੇ ਸਮਿਆਂ ਵਿੱਚ "ਵਿਸ਼ੇਸ਼" ਪ੍ਰਕਾਰ ਦੀ ਸਿੱਖਿਆ ਇਕੱਲੇ-ਇਕੱਲੇ ਬੱਚੇ ਨੂੰ ਵੱਖ-ਵੱਖ ਤੌਰ ਤੇ ਪ੍ਰਦਾਨ ਕੀਤੀ ਜਾਂਦੀ ਸੀ। ਜਦੋਂ ਰਸਮੀ ਵਿੱਦਿਆ ਸਥਾਪਿਤ ਹੋ ਗਈ ਤਾਂ ਲੋਕ-ਭਲਾਈ ਜਾਂ ਧਾਰਮਿਕ ਸੰਸਥਾਵਾਂ ਨੇ ਇਸ ਪ੍ਰਕਾਰ ਦੀਆਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸਿੱਖਿਆ ਦੀ ਜ਼ਿੰਮੇਵਾਰੀ ਲੈ ਲਈ। ਇਨ੍ਹਾਂ ਸਵੈ-ਇੱਛਤ ਸੰਸਥਾਵਾਂ ਦੇ ਕਾਰਜ ਨੂੰ ਦੇਖਦੇ ਹੋਏ ਸਰਕਾਰ ਵੀ ਇਸ ਪ੍ਰਕਾਰ ਦੀ ਵਿਸ਼ੇਸ਼ ਸਿੱਖਿਆ ਵਿਚ ਸਹਾਇਤਾ ਕਰਨ ਲਗ ਪਈ।

ਵਿਸ਼ੇਸ਼ ਸਿੱਖਿਆ ਦੇ ਵਿਕਾਸ ਵਿਚ ਉਹਦੋਂ ਵੱਡਾ ਪਰਿਵਰਤਨ ਆਇਆ ਜਦੋਂ 1960 ਦੇ ਮੱਧ ਵਿੱਚ ਨਸਲ-ਸੁਧਾਰ ਸੰਬੰਧੀ ਲਹਿਰ ਹੋਂਦ ਵਿੱਚ ਆਈ। ਨਸਲ ਸੁਧਾਰ ਸਿਧਾਂਤ ਅਨੁਸਾਰ , ਇਹ ਗ਼ੈਰ ਜ਼ਰੂਰੀ ਸੀ ਕਿ ਵਿਸ਼ੇਸ਼ ਲੋੜਾਂ ਵਾਲੇ ਲੋਕਾਂ ਦੀ ਦੇਖਭਾਲ ਅਤੇ ਸਿੱਖਿਅਤ ਕੀਤਾ ਜਾਵੇ ਕਿਉਂਕਿ ਇਸ ਨਾਲ ਸਮਾਜ 'ਕਮਜ਼ੋਰ' ਹੋ ਜਾਵੇਗਾ। ਨਤੀਜੇ ਵਜੋ, ਅੰਗਹੀਣਤਾ ਨੂੰ ਵਿਗਿਆਨਕ ਅਤੇ ਵਿਵਹਾਰਿਕ ਨਜ਼ਰੀਏ ਤੋਂ ਦੇਖਦੇ ਹੋਏ ਵਿਸ਼ੇਸ਼ ਸਿੱਖਿਆ ਨੂੰ ਨਵੇਂ ਰੂਪ ਵਿੱਚ ਸਮਝਿਆ ਗਿਆ, ਜਿਸ ਅਨੁਸਾਰ ਇਹ ਦ੍ਰਿਸ਼ਟੀਕੋਣ ਅਪਨਾਇਆ ਗਿਆ ਕਿ ਸਾਰੇ ਬੱਚਿਆਂ ਨੂੰ ਪੜ੍ਹਨਾ ਚਾਹੀਦਾ ਹੈ, ਭਾਵੇਂ ਉਨ੍ਹਾਂ ਦਾ ਕੋਈ ਵੀ ਰੋਗ-ਨਿਦਾਨ ਜਾਂ ਇਲਾਜ ਹੋ ਰਿਹਾ ਹੋਵੇ।

ਪਹਿਲਾਂ ਪਹਿਲ ਇਹ ਵਿਸ਼ੇਸ਼ ਸਿੱਖਿਆ ਕੇਵਲ ਛੇ ਜਾਂ ਸੱਤ ਸਾਲ ਦੇ ਸਕੂਲੀ-ਬੱਚਿਆਂ ਨੂੰ ਹੀ ਪ੍ਰਦਾਨ ਕੀਤੀ ਜਾਂਦੀ ਸੀ। ਅਮਰੀਕਾ ਵਿੱਚ 1975 ਅੰਦਰ ਇੱਕ ਐਕਟ ਬਣਿਆ, ਜਿਸ ਦਾ ਨਾਂ ਸੀ। ਸਾਰੇ ਅਪੰਗ ਬੱਚਿਆਂ ਲਈ ਸਿੱਖਿਆ ਐਕਟ (ਈ ਐਚ ਏ) , ਜਿਸ ਅਧੀਨ ਅਮਰੀਕਾ ਦੇ ਸਾਰੇ ਪਬਲਿਕ ਸਕੂਲਾਂ ਵਿੱਚ ਹਰੇਕ ਮਾਨਸਿਕ ਤੌਰ ਤੇ ਅਯੋਗ ਬੱਚੇ ਨੂੰ ਲੋੜੀਂਦੀ ਵਿੱਦਿਆ ਪ੍ਰਦਾਨ ਕੀਤੀ ਜਾਵੇਗੀ। "ਈ ਐਚ ਏ" ਨੂੰ 1986 ਵਿਚ ਸੋਧ ਕੇ ਇਸਦਾ ਨਾ ਇੰਡੀਵਿਜੂਅਲ ਵਿਦ ਡਿਸਏਬਿਲਿਟੀਜ਼ ਐਜੂਕੇਸ਼ਨ ਐਕਟ (ਆਈ.ਡੀ.ਈ.ਏ.) ਕਰ ਦਿੱਤਾ ਗਿਆ।

ਵਿਸ਼ੇਸ਼ ਸਿੱਖਿਆ ਦਾ ਪੱਧਰ ਵੱਖ-ਵੱਖ ਦੇਸ਼ਾਂ ਵਿੱਚ ਵੱਖ-ਵੱਖ ਹੈ। ਹਰੇਕ ਦੇਸ਼ ਦੇ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਦਬਾਵਾਂ ਕਰਕੇ ਵਿਸ਼ੇਸ਼ ਸਿੱਖਿਆ ਵੀ ਅਲੱਗ-ਅਲੱਗ ਰੂਪਾਂ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਵੀ ਵੱਖ-ਵੱਖ ਹਨ। ਇਸ ਕਰਕੇ ਵੱਖ-ਵੱਖ ਦੇਸ਼ਾਂ ਅਤੇ ਵੱਖ-ਵੱਖ ਰਾਜਾਂ ਵਿੱਚ ਵਿਸ਼ੇਸ਼ ਸਿੱਖਿਆ ਪ੍ਰਦਾਨ ਕਰਨ ਦੇ ਅਲੱਗ-ਅਲੱਗ ਢੰਗ-ਤਰੀਕੇ ਹਨ। ਕਿਸੇ ਬੱਚੇ ਲਈ ਦਾਖਲਾ, ਉੱਥੇ ਦੀਆਂ ਲੋੜਾਂ, ਪਰਿਵਾਰਕ ਚੋਣ ਜਾਂ ਸਰਕਾਰੀ ਨੀਤੀ ਉੱਤੇ ਨਿਰਭਰ ਕਰਦਾ ਹੈ।

ਇਹ ਸਿੱਖਿਆ, ਦੂਜੀ ਸਿੱਖਿਆ ਨਾਲੋਂ ਭਿੰਨ ਪ੍ਰਕਾਰ ਦੀ ਹੁੰਦੀ ਹੈ, ਜੋ ਕਿ ਅਸਾਧਾਰਣ , ਵਿਸ਼ੇਸ਼ ਅਤੇ ਨਿਯਮਿਤ ਸਿੱਖਿਆ ਤੋਂ ਅਤਿਰਿਕਤ ਹੁੰਦੀ ਹੈ। ਇਸਨੂੰ ਖਾਸ ਮੰਤਵ ਲਈ ਵਰਤਿਆ ਜਾਂਦਾ ਹੈ। ਵਿਸ਼ੇਸ਼ ਸਿੱਖਿਆ ਦਾ ਅਰਥ ਹੈ, ਉਹ ਸਿੱਖਿਆ ਜਿਸਨੂੰ ਵਿਸ਼ੇਸ਼ ਤੌਰ ਤੇ ਅਸਾਧਾਰਣ ਬੱਚਿਆਂ ਦੀਆਂ ਵਿਸ਼ੇਸ਼ ਵਿਦਿਅਕ ਅਤੇ ਹੋਰ ਲੋੜਾਂ ਨੂੰ ਪੂਰਾ ਕਰਨ ਲਈ ਡਿਜ਼ਾਈਨ ਕੀਤਾ ਜਾਂਦਾ ਹੈ। ਇਸ ਵਿੱਚ ਉਹ ਢੰਗ-ਤਰੀਕੇ ਅਪਨਾਏ ਜਾਂਦੇ ਹਨ, ਜੋ ਕਿ ਆਮ ਤੌਰ ਤੇ ਸਧਾਰਣ ਬੱਚੇ ਲਈ ਨਹੀਂ ਅਪਨਾਏ ਜਾਂਦੇ। ਇਹ ਜੋ ਵਿਸ਼ੇਸ਼ ਸਿੱਖਿਆ ਹੁੰਦੀ ਹੈ, ਇਸ ਲਈ ਵਿਸ਼ੇਸ਼ ਸਮੱਗਰੀ, ਵਿਸ਼ੇਸ਼ ਸਿਖਲਾਈ, ਵਿਸ਼ੇਸ਼ ਤਕਨੀਕਾਂ , ਵਿਸ਼ੇਸ਼ ਸਾਜ਼ੋ-ਸਮਾਨ, ਵਿਸ਼ੇਸ਼ ਸਹਾਇਤਾ ਜਾਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ, ਉਨ੍ਹਾਂ ਬੱਚਿਆਂ ਨੂੰ ਜਿਨ੍ਹਾਂ ਨੂੰ ਵਿਸ਼ੇਸ਼ ਲੋੜ ਜਾਂ ਜ਼ਰੂਰਤ ਹੁੰਦੀ ਹੈ। ਉਦਾਹਰਣ ਦੇ ਲਈ ਜਿਨ੍ਹਾਂ ਬੱਚਿਆਂ ਦੀ ਨਜ਼ਰ ਵਿਚ ਵਿਗਾੜ ਹੈ, ਉਨ੍ਹਾਂ ਨੂੰ ਪੜ੍ਹਨ ਸਮੱਗਰੀ ਮੋਟੇ ਅੱਖਰਾਂ ਵਾਲੀ ਜਾਂ ਬਰੇਲ ਲਿੱਪੀ ਵਿੱਚ ਲੋੜੀਂਦੀ ਹੁੰਦੀ ਹੈ, ਜਿਨ੍ਹਾਂ ਦੇ ਸੁਣਨ ਵਿੱਚ ਵਿਗਾੜ ਹੈ, ਉਨ੍ਹਾਂ ਨੂੰ ਸੁਣਨ ਸਹਾਈ ਯੰਤਰ ਦੀ ਲੋੜ ਹੁੰਦੀ ਹੈ, ਸੁਣਨ ਸਬੰਧੀ ਸਿਖਲਾਈ ਅਤੇ ਬੁੱਲ੍ਹਾਂ ਨੂੰ ਪੜ੍ਹਨ ਦੀ ਸਿਖਲਾਈ ਆਦਿ ਲੋੜੀਂਦੀ ਹੁੰਦੀ ਹੈ। ਮੰਦ-ਬੁਧੀ ਵਾਲੇ ਬੱਚਿਆਂ ਨੂੰ ਕੋਈ ਮੁਹਾਰਤ ਹਾਸਿਲ ਕਰਨ ਲਈ ਸਿਖਲਾਈ ਲੋੜੀਂਦੀ ਹੁੰਦੀ ਹੈ। ਇਸਦੇ ਨਾਲ ਹੀ ਉਨ੍ਹਾਂ ਲਈ ਵਿਸ਼ੇਸ਼ ਆਉਣ-ਜਾਣ ਦਾ ਪ੍ਰਬੰਧ, ਡਾਕਟਰੀ ਸਹਾਇਤਾ, ਮਨੋਵਿਗਿਆਨਕ ਜਾਂਚ, ਸਰੀਰਕ ਅਤੇ ਵਿਵਸਾਇਕ ਇਲਾਜ ਅਤੇ ਕੌਸਲਿੰਗ ਦੀ ਲੋੜ ਹੁੰਦੀ ਹੈ, ਤਾਂ ਕਿ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਨੂੰ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ।

ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਵਿਸ਼ੇਸ਼ ਸਿੱਖਿਆ ਉਹ ਸਿੱਖਿਆ ਹੈ, ਜਿਸ ਵਿਚ ਅਸਾਧਾਰਣ ਬੱਚਿਆਂ ਨੂੰ ਉਨ੍ਹਾਂ ਦੀਆਂ ਲੋੜਾਂ, ਰੁਚੀਆਂ ਅਤੇ ਸਮਰੱਥਾ ਅਨੁਸਾਰ, ਪੜ੍ਹਾਉਣ ਦਾ ਯਤਨ ਹੁੰਦਾ ਹੈ। ਇਸ ਪੜ੍ਹਾਈ ਦੌਰਾਨ ਵਿਸ਼ੇਸ਼ ਤਕਨੀਕਾਂ, ਵਿਸ਼ੇਸ਼ ਸਮੱਗਰੀ ਅਤੇ ਵਿਸ਼ੇਸ਼ ਹੀ ਯਤਨ ਕੀਤੇ ਜਾਂਦੇ ਹਨ।

ਵਿਸ਼ੇਸ਼ ਸਿੱਖਿਆ, ਨਿਯਮਿਤ ਸਕੂਲ ਪ੍ਰੋਗਰਾਮ ਤੋਂ ਉਪਰ ਹੁੰਦੀ ਹੈ ਜੋ ਕਿ ਕਿਸੇ ਅਸਾਧਾਰਣ ਬੱਚੇ ਨੂੰ ਪ੍ਰਦਾਨ ਕੀਤੀ ਜਾਂਦੀ ਹੈ, ਤਾਂ ਕਿ ਉਸ ਅੰਦਰ ਦੀ ਕਾਬਲੀਅਤ ਨੂੰ ਉਜਾਗਰ ਕੀਤਾ ਜਾ ਸਕੇ ਅਤੇ ਉਸ ਦੀ ਅਯੋਗਤਾ ਨੂੰ ਦੂਰ ਕੀਤਾ ਜਾ ਸਕੇ। ਵਿਸ਼ੇਸ਼ ਸਿੱਖਿਆ, ਆਮ ਸਕੂਲ ਪ੍ਰਬੰਧ ਦੀ ਸਿੱਖਿਆ ਤੋਂ ਵੱਖਰੀ ਹੁੰਦੀ ਹੈ, ਕਿਉਂਕਿ ਇਹ ਸਿੱਖਿਆ ਵਿੱਚ ਆਜ਼ਾਦੀ ਤੇ ਖੁੱਲ ਪ੍ਰਦਾਨ ਕਰਦੀ ਹੈ।

- ਬੱਚੇ ਦੇ ਵਿਕਾਸ ਵਿੱਚ ਸਹਾਈ ਹੁੰਦੀ ਹੈ, ਤਾਂ ਕਿ ਉਸ ਵਿੱਚ ਵੱਧ ਤੋਂ ਵੱਧ ਖ਼ੁਦ ਦੀ ਸਮਝ-ਬੂਝ ਆਵੇ।
- ਕਠੋਰ ਕਿਸਮ ਦੇ ਪਾਠਕ੍ਰਮ ਤੋਂ ਅਜ਼ਾਦੀ।
- ਬੇਲਚਕ ਕਿਸਮ ਦੇ ਟਾਈਮ-ਟੇਬਲਾਂ ਤੋਂ ਛੁਟਕਾਰਾ।
- ਰੁੱਖੇ ਤੇ ਰਸਮੀ ਕਿਸਮ ਦੇ ਇਮਤਿਹਾਨਾਂ ਤੋਂ ਛੁਟਕਾਰਾ।

## 1.1.4 ਵਿਸ਼ੇਸ਼ ਕਿਸਮ ਦੀ ਸਿੱਖਿਆ ਦੀ ਜ਼ਰੂਰਤ :-

1) ਸਕੂਲ ਜਾਂ ਕਾਲਜ ਦੇ ਮੁੱਢਲੇ ਵਰ੍ਹਿਆਂ ਵਿੱਚ ਬੇਸਿਕ ਹੁਨਰ ਹਾਸਿਲ ਕਰਨਾ।
2) ਮੁੱਢਲੇ ਸਾਲਾਂ ਵਿੱਚ ਮਿੱਤਰ ਬਨਾਉਣ ਅਤੇ ਵੱਡਿਆਂ ਨਾਲ ਕਿਵੇਂ ਵਤੀਰਾ ਜਾਂ ਵਿਵਹਾਰ ਕਰਨਾ ਹੈ, ਦੀ ਸਿੱਖਿਆ ਦਿੱਤੀ ਜਾਂਦੀ ਹੈ।
3) ਪੜ੍ਹਨ, ਲਿਖਣ, ਗਿਣਤੀ ਜਾਂ ਸੂਚਨਾ ਦੀ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ।
4) ਆਪਣੀ ਗੱਲ ਦਸਣ ਜਾਂ ਦੂਜਿਆਂ ਦੀ ਗੱਲ ਸਮਝਣ ਦੀ ਸਿਖਲਾਈ ਦਿੱਤੀ ਜਾਂਦੀ ਹੈ।
5) ਬੱਚਿਆਂ ਨੂੰ ਯੋਗ ਸਿੱਖਿਆ ਰਾਹੀਂ, ਮਾਨਵੀ ਸਰੋਤਾਂ ਦੇ ਵਿਕਾਸ ਬਾਰੇ ਦੱਸਿਆ ਜਾਂਦਾ ਹੈ।
6) ਉੱਚਿਤ ਵਿਕਾਸ ਲਈ ਉਨ੍ਹਾਂ ਨੂੰ ਤਿਆਰ ਕੀਤਾ ਜਾਂਦਾ ਹੈ।
7) ਜ਼ਿੰਦਗੀ ਦਾ ਬਹਾਦਰੀ ਨਾਲ ਅਤੇ ਪੂਰੇ ਵਿਸ਼ਵਾਸ ਨਾਲ ਕਿਵੇਂ ਮੁਕਾਬਲਾ ਕਰਨਾ ਹੈ, ਇਸਦੇ ਯੋਗ ਬਣਾਇਆ ਜਾਂਦਾ ਹੈ।
8) ਉਨ੍ਹਾਂ ਅੰਦਰੀ ਯੋਗਤਾ ਨੂੰ ਪੂਰੀ ਤਰ੍ਹਾਂ ਉਜਾਗਰ ਕੀਤਾ ਜਾਂਦਾ ਹੈ ਤਾਂ ਕਿ ਹਰੇਕ ਬੱਚਾ ਕੋਈ ਨੌਕਰੀ ਲੈ ਸਕੇ।
9) ਉਨ੍ਹਾਂ ਨੂੰ ਕੁਦਰਤੀ ਵਿਕਾਸ ਵਿਚ ਹਿੱਸਾ ਲੈਣ ਦੇ ਕਾਬਿਲ ਬਣਾਇਆ ਜਾਂਦਾ ਹੈ।
10) ਉਨ੍ਹਾਂ ਨੂੰ ਆਮ ਲੋਕਾਂ ਦੇ ਭਾਈਵਾਲ ਬਣਾਇਆ ਜਾਂਦਾ ਹੈ, ਤਾਂਕਿ ਉਹ ਸਮਾਜ ਵਿੱਚ ਆਪਣੇ ਆਪ ਨੂੰ ਕਿਸੇ ਤੋ ਘੱਟ ਨਾ ਸਮਝਣ।

## 1.1.5 ਵਿਸ਼ੇਸ਼ ਸਿੱਖਿਆ ਦੀ ਮਹੱਤਤਾ :-

**1) ਸਿੱਖਿਆ ਨੂੰ ਵਿਦਿਆਰਥੀਆਂ ਦੇ ਅਨੁਕੂਲ ਬਨਾਉਣਾ :-** ਵਿਸ਼ੇਸ਼ ਸਿੱਖਿਆ ਵਾਲੀ ਕਲਾਸ ਵਿਚ ਬੱਚਿਆਂ ਦੀਆਂ ਵਿਸ਼ੇਸ਼ ਤੇ ਅਨੋਖੀਆਂ ਲੋੜਾਂ ਨੂੰ ਪੂਰਾ ਕਰਨ ਲਈ ਹਿਦਾਇਤਾਂ ਦਿੱਤੀਆਂ ਜਾਂਦੀਆਂ ਹਨ। ਇਹ ਹਿਦਾਇਤਾਂ ਲੋੜ ਅਨੁਸਾਰ ਹੋ ਸਕਦੀਆਂ ਹਨ। ਇੱਕ ਸਾਧਾਰਣ ਕਲਾਸ ਵਿੱਚ ਅਧਿਆਪਕ ਲਈ ਬੜੀ ਮੁਸ਼ਕਿਲ ਹੁੰਦੀ ਹੈ, ਜਦੋਂ ਕੁਝ ਵਿਦਿਆਰਥੀ ਤਾਂ ਜਲਦੀ ਨਾਲ ਗ੍ਰਹਿਣ ਕਰ ਲੈਂਦੇ ਹਨ ਅਤੇ ਕੁਝ ਪਿੱਛੇ ਰਹਿ ਜਾਂਦੇ ਹਨ। ਲੇਕਿਨ ਵਿਸ਼ੇਸ਼ ਸਿੱਖਿਆ ਵਾਲੀ ਕਲਾਸ ਵਿੱਚ ਵਿਦਿਆਰਥੀਆਂ ਨੂੰ ਵਧੇਰੇ ਸਮਾਂ ਦਿੱਤਾ ਜਾਂਦਾ ਹੈ , ਤਾਂ ਕਿ ਉਹ ਗਿਆਨ ਹਾਸਿਲ ਕਰ ਸਕਣ। ਇਹ ਇਸ ਕਰਕੇ ਹੁੰਦਾ ਹੈ ਕਿਉਂਕਿ ਕਲਾਸ ਦਾ ਆਕਾਰ ਬਹੁਤ ਵੱਡਾ ਨਹੀਂ ਹੁੰਦਾ।

**2) ਬੱਚਿਆਂ ਨੂੰ ਪੜ੍ਹਾਉਣ ਦੇ ਨਵੇਂ ਢੰਗ ਅਪਨਾਏ ਜਾਣ :-** ਅਕਸਰ ਕਲਾਸ ਵਿੱਚ ਪੜ੍ਹਾਉਣ ਲਈ ਅਧਿਆਪਕਾਂ ਨੂੰ ਇੱਕੋ ਹੀ ਢੰਗ ਸਿਖਾਇਆ ਜਾਂਦਾ ਹੈ ਅਤੇ ਹਿਦਾਇਤ ਦਿੱਤੀ ਜਾਂਦੀ ਹੈ ਕਿ ਉਸੇ ਪ੍ਰਕਾਰ ਹੀ ਪੜ੍ਹਾਇਆ ਜਾਵੇ । ਇਸ ਦਾ ਕਾਰਨ ਇਹ ਹੁੰਦਾ ਹੈ ਕਿ ਜ਼ਿਲ੍ਹੇ ਨੇ ਉਸੇ ਪ੍ਰਕਾਰ ਪੜ੍ਹਾਉਣ ਦੀ ਯੋਜਨਾ ਜਾਂ ਪ੍ਰੋਗਰਾਮ ਉੱਤੇ ਕਾਫੀ ਪੈਸਾ ਖਰਚ

ਕੀਤਾ ਹੁੰਦਾ ਹੈ। ਜਦੋਂ ਕੋਈ ਬੱਚਾ ਕਲਾਸ ਵਿੱਚ ਦਾਖਲ ਹੁੰਦਾ ਹੈ ਤਾਂ ਅਧਿਆਪਕ ਆਪਣੀ ਯੋਗਤਾ ਅਨੁਸਾਰ, ਉਸ ਬੱਚੇ ਦੇ ਪੱਧਰ ਨੂੰ ਦੇਖਕੇ, ਪੜ੍ਹਾਉਣ ਦਾ ਢੰਗ ਅਪਨਾਵੇ। ਅਧਿਆਪਕ ਕਿਸੇ ਇੱਕ ਤਰੀਕੇ ਤੱਕ ਹੀ ਸੀਮਿਤ ਨਹੀਂ ਰਹਿਣਾ ਚਾਹੀਦਾ, ਉਸ ਨੂੰ ਚਾਹੀਦਾ ਹੈ ਕਿ ਜੋ ਢੁੱਕਵਾਂ ਤਰੀਕਾ ਹੈ ਉਸਨੂੰ ਅਪਣਾਵੇ ਅਤੇ ਦੂਜੇ ਨੂੰ ਛੱਡ ਦੇਵੇ। ਇਸਦੇ ਨਾਲ ਹੀ ਅਧਿਆਪਕ ਬੱਚੇ ਨੂੰ ਚੰਗਿਆਈ ਅਤੇ ਸਮਝਦਾਰੀ ਦੀਆਂ ਚੰਗੀਆਂ ਤੇ ਉਚੇਰੀ ਗੱਲਾਂ ਵੀ ਦੱਸਦਾ ਰਹੇ, ਤਾਂ ਕਿ ਬੱਚਾ ਸਮਾਜ ਵਿੱਚ ਤਰੱਕੀ ਕਰ ਸਕੇ।

3) **ਵਿਵਹਾਰਿਕ ਸਹਿਣਸ਼ਕਤੀ:–** ਵਿਸ਼ੇਸ਼ ਸਿੱਖਿਆ ਦੀ ਕਲਾਸ ਆਕਾਰ ਪੱਖੋਂ ਛੋਟੀ ਹੁੰਦੀ ਹੈ, ਇਸ ਕਰਕੇ ਬੱਚੇ ਦਾ ਵਿਵਹਾਰ ਵਿਅਕਤੀਗਤ ਰੂਪ ਵਿੱਚ ਵਾਚਿਆ ਜਾ ਸਕਦਾ ਹੈ। ਬੱਚਿਆਂ ਨੂੰ ਤੁਰੰਤ ਆਪਣੀ ਗੱਲ ਦਾ ਜਵਾਬ ਮਿਲ ਜਾਂਦਾ ਹੈ ਜੋ ਕਿ 30 ਤੋਂ ਵਧੇਰੇ ਬੱਚਿਆਂ ਦੀ ਕਲਾਸ ਵਿੱਚ ਸੰਭਵ ਨਹੀਂ ਹੁੰਦਾ। ਉਨ੍ਹਾਂ ਦੇ ਗੁਣਾਂ ਨੂੰ ਪਛਾਣ ਲਿਆ ਜਾਂਦਾ ਹੈ ਅਤੇ ਕੀਤੇ ਗਏ ਵਧੀਆ ਕੰਮਾਂ ਦੀ ਤਾਰੀਫ ਜਾਂ ਪ੍ਰਸ਼ੰਸਾ ਨਾਲੋ-ਨਾਲ ਕੀਤੀ ਜਾਂਦੀ ਹੈ।

4) **ਬੱਚਿਆਂ ਦੀਆਂ ਵਿਸ਼ੇਸ਼ ਲੋੜਾਂ ਨੂੰ ਪੂਰੀਆਂ ਕਰਨ ਵਿੱਚ ਸਹਾਈ ਹੋਣਾ :–** ਵਿਸ਼ੇਸ਼ ਬੱਚਿਆਂ ਦੀਆਂ ਲੋੜਾਂ ਵੀ ਵਿਸ਼ੇਸ਼ ਪ੍ਰਕਾਰ ਦੀਆਂ ਹੁੰਦੀਆਂ ਹਨ। ਇਸ ਕਰਕੇ ਉਨ੍ਹਾਂ ਦੀਆਂ ਇਹ ਲੋੜਾਂ ਪੂਰੀਆਂ ਕਰਨ ਲਈ ਵਿਸ਼ੇਸ਼ ਸਿੱਖਿਆ ਦੀ ਜ਼ਰੂਰਤ ਹੁੰਦੀ ਹੈ। ਪੱਛੜੇ ਹੋਏ ਬੱਚਿਆਂ ਲਈ ਵਿਸ਼ੇਸ਼ ਕਲਾਸਾਂ ਲੋੜੀਦੀਆਂ ਹੁੰਦੀਆਂ ਹਨ ਕਿਉਂਕਿ ਉਨ੍ਹਾਂ ਲਈ ਖਾਸ ਸਿਖਲਾਈ ਦੇ ਢੰਗ ਤਰੀਕੇ ਲੋੜੀਂਦੇ ਹੁੰਦੇ ਹਨ। ਪ੍ਰਤਿਭਾਵਾਨ ਜਾਂ ਗੁਣਵਾਨ ਬੱਚਿਆਂ ਨੂੰ ਸਾਧਾਰਣ ਬੱਚਿਆਂ ਨਾਲ ਰਚਣ-ਮਿਚਣ ਵਿੱਚ ਸਮੱਸਿਆ ਆਉਂਦੀ ਹੈ, ਕਿਉਂਕਿ ਉਨ੍ਹਾਂ ਦਾ ਬੌਧਿਕ ਪੱਧਰ ਉਚੇਰਾ ਹੁੰਦਾ ਹੈ। ਉਹ ਆਪਣੇ ਗਿਆਨ ਵਿੱਚ ਵਾਧਾ ਨਹੀਂ ਕਰ ਪਾਂਦੇ। ਉਨ੍ਹਾਂ ਨੂੰ ਕਲਾਸ ਦਾ ਕੰਮ ਬੜਾ ਆਸਾਨ ਲੱਗਦਾ ਹੈ ਅਤੇ ਉਹ ਬੜੀ ਜਲਦੀ ਨਾਲ ਖਤਮ ਵੀ ਕਰ ਲੈਂਦੇ ਹਨ। ਇਥੇ ਸਮੱਸਿਆ ਇਹ ਆਉਂਦੀ ਹੈ ਕਿ ਪ੍ਰਤਿਭਾਵਾਨ ਵਿਦਿਆਰਥੀ ਕੰਮ ਮੁਕਾਉਣ ਤੋਂ ਬਾਅਦ ਕੀ ਕਰੇ, ਜਦੋਂ ਕਿ ਅਧਿਆਪਕ ਅਜੇ ਔਸਤਨ ਪੱਧਰ ਦੇ ਵਿਦਿਆਰਥੀਆਂ ਨੂੰ ਕੰਮ ਕਰਵਾ ਰਿਹਾ ਹੁੰਦਾ ਹੈ। ਕਈ ਵਾਰ ਪ੍ਰਤਿਭਾਵਾਨ ਬੱਚਾ ਵਿਹਲਾ ਬੈਠਾ ਸ਼ਰਾਰਤਾਂ ਕਰਨ ਲੱਗ ਪੈਂਦਾ ਹੈ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਔਸਤ ਵਿਦਿਆਰਥੀ ਦਾ ਪਾਠਕ੍ਰਮ ਬੜਾ ਸੌਖਾ ਹੁੰਦਾ ਹੈ ਅਤੇ ਉਹ ਗੁਣਵਾਨ ਤੇ ਲਾਇਕ ਬੱਚੇ ਲਈ ਨੀਰਸ ਤੇ ਅਕਾਊ ਹੋ ਜਾਂਦਾ ਹੈ। ਇਸ ਪ੍ਰਕਾਰ ਪ੍ਰਤਿਭਾਵਾਨ ਬੱਚੇ , ਉਤੇਜਿਤ ਤੇ ਉਤਸ਼ਾਹਿਤ ਨਹੀਂ ਹੋ ਪਾਂਦੇ ਅਤੇ ਉਨ੍ਹਾਂ ਦੀ ਪੜ੍ਹਾਈ ਵਿੱਚ ਦਿਲਚਸਪੀ ਖਤਮ ਹੋ ਜਾਂਦੀ ਹੈ। ਵਿਸ਼ੇਸ਼ ਕਿਸਮਾ ਦੀ ਸਿੱਖਿਆ ਵਿੱਚ ਉਨ੍ਹਾਂ ਬੱਚਿਆਂ ਅੰਦਰਲੀ ਉਤੇਜਨਾ ਅਤੇ ਉਤਸ਼ਾਹ ਨੂੰ ਜਗਾਇਆ ਜਾਂਦਾ ਹੈ। ਨਜ਼ਰ ਪੱਖੋਂ ਵਿਗਾੜ ਜਾਂ ਸੁਨਣ ਪੱਖੋਂ ਵਿਗਾੜ ਵਾਲੇ ਬੱਚਿਆਂ ਨੂੰ ਨਿਯਮਿਤ ਕਲਾਸਾਂ ਵਿੱਚ ਵਿਸ਼ੇਸ਼ ਕਿਸਮ ਦਾ ਵਤੀਰਾ ਜਾਂ ਵਿਵਹਾਰ ਨਹੀਂ ਦਿੱਤਾ ਜਾਂਦਾ। ਜੇਕਰ ਇਸ ਪ੍ਰਕਾਰ ਦੇ ਬੱਚਿਆਂ ਦੀ ਪਰਵਰਿਸ਼ ਸਹੀ ਤਰ੍ਹਾਂ ਨਹੀਂ ਹੋਵੇਗੀ ਤਾਂ ਉਨ੍ਹਾਂ ਵਿੱਚ ਵਿਵਹਾਰਿਕ ਵਿਗਾੜ ਜਾਂ ਨੁਕਸ ਪੈਦਾ ਹੋ ਜਾਵੇਗਾ, ਜਿਹੜਾ ਕਿ ਵਿਅਕਤੀਗਤ ਅਤੇ ਸਮਾਜਿਕ ਤੌਰ ਤੇ ਹਾਨੀਕਾਰਕ ਹੋਵੇਗਾ। ਇਸ ਕਰਕੇ ਕੁਝ ਮਨੋਵਿਗਿਆਨੀਆਂ ਨੇ ਆਖਿਆ ਹੈ ਕਿ ਅਸਾਧਾਰਣ ਬੱਚਿਆਂ ਲਈ ਇੱਕ ਵਿਸ਼ੇਸ਼ ਕਲਾਸ ਜ਼ਰੂਰੀ ਹੈ, ਜਿਥੇ ਉਹ ਆਪਣੇ ਸਕੂਲ ਦਾ ਸਮਾਂ ਵਿਸ਼ੇਸ਼ ਕਿਸਮ ਦੇ ਪੱਛੜੇ ਹੋਏ ਬੱਚਿਆਂ ਨਾਲ ਗੁਜ਼ਾਰ ਸਕਣ। ਇਸ ਕਾਰਜ ਲਈ ਇਹ ਲਾਜ਼ਮੀ ਹੈ ਕਿ ਅਪੰਗ ਬੱਚਿਆਂ ਲਈ ਵਿੱਦਿਆ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾਣ।

5) **ਪ੍ਰਤਿਭਾਵਾਨ ਬੱਚਿਆਂ ਅੰਦਰਲੀ ਪ੍ਰਤਿਭਾ ਜਾਂ ਗੁਣਾਂ ਨੂੰ ਉਜਾਗਰ ਕਰਨ ਲਈ ਇਹ ਸਕੂਲ ਸਹਾਈ ਹੁੰਦੇ ਹਨ:-** ਗੁਣਵਾਨ ਬੱਚਿਆਂ ਦੀ ਕਲਾਸ ਵਿੱਚ, ਹਰੇਕ ਬੱਚਾ ਸੋਚਦਾ ਹੈ ਕਿ ਕੇਵਲ ਉਹੀ ਲਾਇਕ ਨਹੀਂ ਹੈ, ਹੋਰ ਬੱਚੇ ਵੀ ਉਸ ਤੋਂ ਬੁੱਧੀਮਾਨ ਅਤੇ ਉਚੇਰੇ ਹਨ। ਇਸ ਵਿਚਾਰ ਦੇ ਆਉਣ ਨਾਲ ਉਨ੍ਹਾਂ ਵਿੱਚ ਹੋਰ ਬੱਲ ਅਤੇ ਤਾਕਤ ਪੈਦਾ ਹੁੰਦੀ ਹੈ ਕਿ ਉਹ ਦੂਜਿਆ ਨਾਲ ਮੁਕਾਬਲਾ ਕਰ ਸਕਣ। ਵਿਸ਼ੇਸ਼ ਕਿਸਮ ਦੀਆਂ ਕਲਾਸਾਂ ਵਿੱਚ ਬੱਚਿਆਂ ਅੰਦਰ ਅਗਵਾਈ ਜਾਂ ਰਹਿਨੁਮਾਈ ਕਰਨ ਦੀ ਇੱਛਾ-ਸ਼ਕਤੀ ਪੈਦਾ ਹੁੰਦੀ ਹੈ। ਕੁਝ ਬੱਚੇ ਐਸੇ ਵੀ ਹੋ ਸਕਦੇ ਹਨ, ਜਿਨ੍ਹਾਂ ਅੰਦਰ ਕਵਿਤਾ, ਨਾਟਕ, ਖੇਡਾਂ ਆਦਿ ਵਿੱਚ ਰੁਚੀ ਹੋਵੇ ਜਾਂ ਗਿਆਨ ਦੇ ਕਿਸੇ ਖੇਤਰ ਵਿੱਚ ਸ਼ੌਕ ਹੋਵੇ। ਇਸ ਕਰਕੇ ਵਿਸ਼ੇਸ਼ ਪ੍ਰੋਗਰਾਮਰਾਂ ਦੁਆਰਾ ਵਿਸ਼ੇਸ਼ ਉਤਸ਼ਾਹ ਅਤੇ ਸਿਖਲਾਈ ਉਨ੍ਹਾਂ ਦੀ ਬਾਅਦ ਦੀ ਜ਼ਿੰਦਗੀ ਵਿੱਚ ਸਹਾਈ ਹੋ ਸਕਦੀ ਹੈ।

6) **ਨਿਯਮਿਤ ਕਲਾਸ ਦੇ ਅਧਿਆਪਕ ਲਈ ਇਹ ਕਲਾਸਾਂ ਲਾਹੇਵੰਦ ਹੁੰਦੀਆਂ ਹਨ:-** ਵਿਸ਼ੇਸ਼ ਸਿੱਖਿਆ, ਨਿਯਮਿਤ ਕਲਾਸ ਦੇ ਅਧਿਆਪਕ ਲਈ ਕਾਫੀ ਸਹਾਇਕ ਹੁੰਦੀ ਹੈ, ਕਿਉਂਕਿ ਨਿਯਮਿਤ ਅਧਿਆਪਕ ਨੂੰ ਅਲੱਗ-ਅਲੱਗ ਕਿਸਮ ਦੀਆਂ ਕਲਾਸਾਂ ਪੜ੍ਹਾਉਣ ਵਿੱਚ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਆਉਂਦੀਆਂ ਹਨ। ਇਨ੍ਹਾਂ ਕਲਾਸਾਂ ਵਿੱਚ ਪ੍ਰਤਿਭਾਵਾਨ, ਗੁਣਵਾਨ, ਗੂੰਗੇ, ਬੋਲੇ, ਮੰਦ-ਬੁੱਧੀ ਵਾਲੇ ਅਤੇ ਔਸਤ ਬੁੱਧੀ ਵਾਲੇ ਬਹੁਤ ਸਾਰੇ ਬੱਚੇ ਸੰਮਿਲਿਤ ਹੁੰਦੇ ਹਨ। ਇਨ੍ਹਾਂ ਹਾਲਤਾਂ ਵਿੱਚ ਅਧਿਆਪਕ ਨੂੰ ਪੜ੍ਹਾਉਣ ਦਾ ਕੋਈ ਅਜਿਹਾ ਢੰਗ ਅਪਨਾਉਣਾ ਪੈਂਦਾ ਹੈ, ਜਿਹੜਾ ਕਿ ਸਾਰਿਆਂ ਤੇ ਲਾਗੂ ਹੋਵੇ। ਜਦੋਂ ਇਸਨੂੰ ਅਧਿਆਪਕ ਵੱਲੋਂ ਲਾਗੂ ਕੀਤਾ ਜਾਂਦਾ ਹੈ, ਤਾਂ ਉਸਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਵਿਦਿਆਰਥੀਆਂ ਨੂੰ ਹਿਦਾਇਤਾਂ ਸਮਝਣ ਵਿੱਚ ਮੁਸ਼ਕਿਲ ਪੇਸ਼ ਆਉਂਦੀ ਹੈ। ਅਜਿਹੇ ਹਾਲਤਾਂ ਕਾਰਣ ਹੀ ਵਿਸ਼ੇਸ਼ ਕਲਾਸ ਦੀ ਹੋਂਦ ਬਾਰੇ ਵਿਚਾਰਿਆ ਗਿਆ। ਸਿੱਖਿਆ ਦਾ ਵਿਸ਼ੇਸ਼ ਪ੍ਰੋਗਰਾਮ ਇਸ ਕਰਕੇ ਨਹੀਂ ਬਣਾਇਆ ਗਿਆ ਸੀ ਕਿ ਕੇਵਲ ਅਸਾਧਾਰਣ ਕਿਸਮ ਦੇ ਬੱਚਿਆਂ ਦੀ ਸਹਾਇਤਾ ਹੋ ਸਕੇ, ਬਲਕਿ ਇਸਦੇ ਨਾਲ ਹੀ ਅਧਿਆਪਕ ਵੀ ਇੱਕ ਪ੍ਰਕਾਰ ਦੇ ਬੱਚਿਆਂ ਨੂੰ ਪੂਰਾ ਟਾਈਮ ਦੇ ਸਕੇ। ਇਸ ਪ੍ਰਕਾਰ ਨਿਯਮਿਤ ਕਲਾਸ ਅਧਿਆਪਕ ਲਈ ਵਿਸ਼ੇਸ਼-ਸਿੱਖਿਆ ਕਾਫੀ ਮਦਦਗਾਰ ਸਾਬਿਤ ਹੁੰਦੀ ਹੈ ਅਤੇ ਉਹ ਆਪਣੀ ਡਿਊਟੀ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਨਿਬਾਹ ਸਕਦਾ ਹੈ।

7) **ਅਣਜੋੜ ਸਮੱਸਿਆ ਦੂਰ ਕਰਨ ਵਿਚ ਸਹਾਈ:-** ਤਜ਼ਰਬੇ ਤੇ ਆਧਾਰਤ ਡਾਟੇ ਤੋਂ ਇਹ ਪਤਾ ਚਲਦਾ ਹੈ ਕਿ ਸਮਾਜਿਕ ਅਣਜੋੜਤਾ, ਨਿਯਮਿਤ ਸਕੂਲਾਂ ਦੇ ਹੁਸ਼ਿਆਰ ਬੱਚਿਆਂ ਵਿਚ ਅਕਸਰ ਪਾਈ ਜਾਂਦੀ ਹੈ। ਕਾਰਣ ਇਹ ਹੁੰਦਾ ਹੈ ਕਿ ਉਹ ਸੌਖੇ ਤੇ ਸਰਲ ਕੰਮ ਕਰਕੇ, ਕਲਾਸ ਵਿੱਚ ਵਿਹਲੇ ਬੈਠੇ ਰਹਿੰਦੇ ਹਨ। ਫਲਸਰੂਪ, ਉਹ ਸ਼ਰਾਰਤਾਂ ਕਰਨ ਅਤੇ ਮਾੜਾ ਵਤੀਰਾ ਕਰਨ ਵੱਲ ਰੁਚਿਤ ਹੋ ਜਾਂਦੇ ਹਨ। ਇਥੋਂ ਤੱਕ ਕਿ ਸਰੀਰਕ ਤੌਰ ਤੇ ਅਪੰਗ, ਦਿਮਾਗੀ ਤੌਰ ਤੇ ਅਪੰਗ ਅਤੇ ਸਿੱਖਿਆ ਪੱਖੋਂ ਪੱਛੜੇ ਹੋਏ ਬੱਚੇ, ਸਕੂਲ , ਘਰ ਅਤੇ ਸਮਾਜ ਵਿੱਚ ਐਡਜਸਟ ਨਹੀਂ ਕਰ ਪਾਂਦੇ। ਇਸਦੇ ਨਾਲ ਹੀ ਉਨ੍ਹਾਂ ਨੂੰ ਪੜ੍ਹਨ ਵਿਚ ਵੀ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਆਉਂਦੀਆਂ ਹਨ। ਇਸ ਕਰਕੇ ਵਿਸ਼ੇਸ਼ ਸਿੱਖਿਆ, ਅਸਾਧਾਰਣ ਬੱਚਿਆਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਜ਼ਰੂਰੀ ਹੈ। ਇਹ ਸਿੱਖਿਆ ਇਨ੍ਹਾਂ ਅਸਾਧਾਰਣ ਬੱਚਿਆਂ ਦੀਆਂ ਵਿਸ਼ੇਸ਼ ਪ੍ਰਕਾਰ ਦੀਆਂ ਲੋੜਾਂ ਦਾ ਧਿਆਨ

ਰੱਖਦੀ ਹੈ, ਤਾਂ ਕਿ ਉਹ ਸਮਾਜ ਤੇ ਬੋਝ ਨਾ ਬਣਨ, ਸਗੋਂ ਸਮਾਜ ਦੀ ਸੰਪਤੀ ਬਣਨ। ਅਜਿਹੀਆਂ ਸਮੱਸਿਆਵਾਂ ਕਈ ਵਾਰ ਬੱਚਿਆਂ ਨੂੰ ਮਨੋਰੋਗੀ ਬਣਾ ਦਿੰਦੀਆਂ ਹਨ, ਇਹ ਵਿਸ਼ੇਸ਼ ਸਿੱਖਿਆ ਰਾਹੀਂ ਹੀ ਦੂਰ ਹੋ ਸਕਦੀਆਂ ਹਨ। ਵਿਸ਼ੇਸ਼ ਸਿੱਖਿਆ ਦਾ ਮੁੱਖ ਉਦੇਸ਼ ਹੀ ਇਹ ਹੈ ਕਿ ਬੱਚਿਆਂ ਵਿੱਚ ਆਤਮ ਵਿਸ਼ਵਾਸ ਅਤੇ ਮਨੋਬਲ ਪੈਦਾ ਕੀਤਾ ਜਾ ਸਕੇ, ਤਾਂਕਿ ਉਹ ਆਪਣੀ ਰੋਜ਼ੀ-ਰੋਟੀ ਸੁਤੰਤਰ ਰੂਪ ਵਿਚ ਕਮਾ ਸਕਣ। ਇਸ ਸਿੱਖਿਆ ਰਾਹੀਂ ਉਹ ਆਪਣੀਆਂ ਲੋੜਾਂ, ਰੁਚੀਆਂ ਅਤੇ ਕਾਬਲੀਅਤ ਅਨੁਸਾਰ ਗਿਆਨ ਹਾਸਿਲ ਕਰਦੇ ਹਨ, ਜਿਸ ਨਾਲ ਉਨ੍ਹਾਂ ਨੂੰ ਆਰਥਿਕ ਤੇ ਸਮਾਜਿਕ ਤੌਰ ਤੇ ਸਵੈ-ਨਿਰਭਰ ਬਣਨ ਵਿਚ ਸਹਾਇਤਾ ਮਿਲਦੀ ਹੈ।

8) **ਅਰਥ ਭਰਪੂਰ ਅਤੇ ਸਥਾਈ ਸਿੱਖਿਆ ਵਿੱਚ ਇਹ ਸਹਾਈ ਹੁੰਦੀ ਹੈ:-** ਵਿਸ਼ੇਸ਼ ਸਿੱਖਿਆ ਲਈ ਹੋਰ ਸਹਾਇਕ ਸੇਵਾਵਾਂ ਦੀ ਲੋੜ ਪੈਂਦੀ ਹੈ, ਜਿਵੇਂ ਕਿ ਸਰੀਰਕ ਅਪੰਗਤਾ ਜਾਂ ਵਿਕਲਾਂਗਤਾ ਲਈ ਸਰੀਰਕ ਚਿਕਿਤਸਾ, ਵਿਵਸਾਇਕ ਚਿਕਿਤਸਾ ਅਤੇ ਨਿਯਤਕਾਲੀ ਸਰੀਰਕ ਜਾਂਚ ਦੀ ਲੋੜ ਪੈਂਦੀ ਹੈ। ਇਸੇ ਪ੍ਰਕਾਰ ਅੰਨ੍ਹੇਪਣ, ਅੰਸ਼ਿਕ-ਅੰਨ੍ਹੇਪਣ ਅਤੇ ਉੱਚਾ ਸੁਣਨ ਵਾਲੇ ਬੱਚਿਆਂ ਲਈ ਵਿਸ਼ੇਸ਼ ਸੇਵਾਵਾਂ ਅਤੇ ਕਰਮਚਾਰੀਆਂ ਦੀ ਲੋੜ ਹੁੰਦੀ ਹੈ। ਇਸ ਵਿਸ਼ੇਸ਼ ਅਮਲੇ ਵਿੱਚ ਅਧਿਆਪਕ, ਸਲਾਹਕਾਰ ਡਾਕਟਰ, ਮਨੋਚਿਕਿਤਸਕ, ਬੋਲ-ਸੁਧਾਰਕ ਆਦਿ ਸ਼ਾਮਿਲ ਹੁੰਦੇ ਹਨ, ਜਿਹੜੇ ਕਿ ਇਸ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਦਾ ਹਿੱਸਾ ਹੁੰਦੇ ਹਨ। ਇਸ ਕਰਕੇ ਇਹ ਸਿੱਖਿਆ ਵਧੇਰੇ ਅਰਥਭਰਪੂਰ ਅਤੇ ਸਥਾਈ ਹੋ ਨਿਬੜਦੀ ਹੈ। ਇਸ ਵਿਸ਼ੇਸ਼ ਅਮਲੇ ਕੋਲ ਵਿਸ਼ੇਸ਼ ਮੁਹਾਰਤ ਹੁੰਦੀ ਹੈ, ਜਿਹੜੀ ਕਿ ਅਸਾਧਾਰਣ ਬੱਚਿਆਂ ਲਈ ਲੋੜੀਦੀ ਹੁੰਦੀ ਹੈ, ਜਿਸ ਨਾਲ ਉਹ ਆਸਾਨੀ ਸਹਿਤ, ਚੀਜ਼ਾਂ ਗ੍ਰਹਿਣ ਕਰ ਸਕਦੇ ਹਨ। ਉਹ ਇਸ ਕਾਬਿਲ ਹੋ ਜਾਂਦੇ ਹਨ ਕਿ ਆਪਣੀਆਂ ਜਜ਼ਬਾਤੀ ਸਮੱਸਿਆਵਾਂ ਨੂੰ ਦੂਰ ਕਰ ਸਕਣ ਅਤੇ ਵਧੇਰੇ ਸੁਚੇਤ ਤੇ ਫੁਰਤੀਲੇ ਹੋ ਜਾਂਦੇ ਹਨ ਕਿ ਜਲਦੀ ਨਾਲ ਆਪਣੇ ਫੈਸਲੇ ਖੁਦ ਕਰ ਸਕਣ।

9) **ਇਸ ਸਿੱਖਿਆ ਨਾਲ ਅਪੰਗ ਬੱਚਿਆਂ ਨੂੰ ਵੱਖ-ਵੱਖ ਕਾਰਜਾਂ ਜਾਂ ਸਰਗਰਮੀਆਂ ਅੰਦਰ ਹਿੱਸਾ ਲੈਣ ਵਿਚ ਸਹਾਇਤਾ ਮਿਲਦੀ ਹੈ:-** ਵਿਸ਼ੇਸ਼ ਸਿੱਖਿਆ ਦਾ ਪ੍ਰੋਗਰਾਮ , ਅਪੰਗ ਬੱਚਿਆਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ, ਵੱਖ-ਵੱਖ ਕਾਰਜਾਂ ਵਿਚ ਹਿੱਸਾ ਲੈਣ ਦੇ ਮੌਕੇ ਪ੍ਰਦਾਨ ਕਰਦਾ ਹੈ। ਆਮ ਸਕੂਲਾਂ ਵਿਚ, ਅਪੰਗ ਬੱਚੇ ਦੂਜੇ ਤੰਦਰੁਸਤ ਬੱਚਿਆਂ ਨਾਲ ਮੁਕਾਬਲਾ ਨਹੀਂ ਕਰ ਪਾਂਦੇ, ਜਦੋਂਕਿ ਵਿਸ਼ੇਸ਼ ਸਕੂਲਾਂ ਵਿਚ ਉਨ੍ਹਾਂ ਵਰਗੇ ਇਕੋ ਜਿਹੇ ਬੱਚਿਆਂ ਨਾਲ ਉਹ ਮੁਕਾਬਲਾ ਕਰ ਲੈਂਦੇ ਹਨ, ਜਿਸ ਨਾਲ ਉਨ੍ਹਾਂ ਅੰਦਰ ਵਿਸ਼ਵਾਸ ਅਤੇ ਸਵੈ-ਨਿਰਭਰਤਾ ਪੈਦਾ ਹੁੰਦੀ ਹੈ ਅਤੇ ਉਸਨੂੰ ਬਲ ਮਿਲਦਾ ਹੈ। ਇਸ ਪ੍ਰਕਾਰ ਅਪੰਗ ਬੱਚੇ ਆਪਣੀ-ਆਪਣੀ ਯੋਗਤਾ ਤੇ ਸਮਰੱਥਾ ਅਨੁਸਾਰ, ਵੱਖ-ਵੱਖ ਸਰਗਰਮੀਆਂ ਵਿਚ ਹਿੱਸਾ ਲੈਣ ਦੇ ਯੋਗ ਬਣਦੇ ਹਨ।

10) **ਇਸ ਸਿੱਖਿਆ ਰਾਹੀਂ ਅਧਿਆਪਕਾਂ ਅਤੇ ਮਾਪਿਆਂ ਨੂੰ ਅੰਤਰ-ਦ੍ਰਿਸ਼ਟੀ ਦਾ ਗਿਆਨ ਹੁੰਦਾ ਹੈ:-** ਵਿਸ਼ੇਸ਼ ਸਿੱਖਿਆ ਰਾਹੀਂ ਸਰੀਰਕ ਤੌਰ ਤੇ ਅਪੰਗ ਬੱਚਿਆਂ ਦੇ ਅਧਿਆਪਕਾਂ ਅਤੇ ਮਾਪਿਆਂ ਨੂੰ ਅੰਤਰ-ਦ੍ਰਿਸ਼ਟੀ ਦਾ ਬੋਧ ਹੁੰਦਾ ਹੈ। ਇਸ ਨਾਲ, ਇਨ੍ਹਾਂ ਬੱਚਿਆਂ ਨੂੰ ਸਮਾਜ ਵਿਚ ਵਿਚਰਨ ਲਈ ਸਹਾਇਤਾ ਮਿਲਦੀ ਹੈ। ਇਸ ਪ੍ਰਕਾਰ ਸਮਾਜ ਦਾ ਰੁਝਾਨ ਇਨ੍ਹਾਂ ਪ੍ਰਤੀ ਬਦਲ ਜਾਂਦਾ ਹੈ। ਮਾਪਿਆਂ ਅਤੇ ਅਧਿਆਪਕਾਂ ਨੂੰ ਆਪਣੇ ਬੱਚਿਆਂ

ਦੀ ਚੰਗਿਆਈ ਅਤੇ ਬੁਰਾਈ ਦਾ ਚੰਗੀ ਤਰ੍ਹਾਂ ਪਤਾ ਹੁੰਦਾ ਅਤੇ ਉਹ ਉਨ੍ਹਾਂ ਪਾਸੋਂ ਉਸੇ ਪ੍ਰਕਾਰ ਦੀ ਆਸ ਕਰਦੇ ਹਨ, ਜਿਸ ਨਾਲ ਕਿਸੇ ਤਰ੍ਹਾਂ ਦੀ ਨਿਰਾਸ਼ਾ ਪੈਦਾ ਨਹੀਂ ਹੁੰਦੀ।

11) **ਇਸ ਸਿੱਖਿਆ ਰਾਹੀਂ ਬੱਚਿਆਂ ਨੂੰ ਵਿਸ਼ੇਸ਼ ਸਿਖਲਾਈ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ:** ਅਸਾਧਾਰਣ ਬੱਚਿਆਂ ਦੀ ਨਿੱਜੀ ਅਤੇ ਸਮਾਜਿਕ ਲੋੜ ਅਨੁਸਾਰ, ਵਿਸ਼ੇਸ਼ ਸਿਖਲਾਈ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਸ ਪ੍ਰਕਾਰ ਵਿਸ਼ੇਸ਼ ਸਹੂਲਤਾਂ ਕਾਰਣ, ਇਨ੍ਹਾਂ ਬੱਚਿਆਂ ਨੂੰ ਵੀ ਆਪਣੀ ਸਮਰੱਥਾ ਦਾ ਅਹਿਸਾਸ ਹੋ ਜਾਂਦਾ ਹੈ ਅਤੇ ਇਹ ਆਪਣੇ ਸਰੀਰਕ ਨੁਕਸਾਂ ਨੂੰ ਭੁੱਲ ਜਾਂਦੇ ਹਨ। ਵਿਸ਼ੇਸ਼ ਸਿੱਖਿਆ ਵਿਚ ਜਿਹੜੇ ਸ੍ਰੇਸ਼ਟ ਬੱਚੇ ਹੁੰਦੇ ਹਨ, ਉਨ੍ਹਾਂ ਨੂੰ ਆਪਣੀ ਪ੍ਰਤਿਭਾ ਅਨੁਸਾਰ ਕੰਮ ਕਰਨ ਦੇ ਮੌਕੇ ਦਿੱਤੇ ਜਾਂਦੇ ਹਨ ਅਤੇ ਅਪੰਗ ਬੱਚਿਆਂ ਨੂੰ ਵਿਸ਼ੇਸ਼ ਸਿਖਲਾਈ ਸਹੂਲਤਾਂ ਰਾਹੀਂ , ਉਨ੍ਹਾਂ ਦੀ ਸਮਰੱਥਾ ਅਨੁਸਾਰ ਕੰਮ ਕਰਨ ਦੇ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ। ਇਸ ਤਰ੍ਹਾਂ ਅਸਾਧਾਰਣ ਬੱਚਿਆਂ ਨੂੰ ਵਿਸ਼ੇਸ਼ ਸਕੂਲਾਂ ਵਿੱਚ ਵਿਸ਼ੇਸ਼ ਸਿਖਲਾਈ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਤਾਂ ਕਿ ਉਨ੍ਹਾਂ ਦੀਆਂ ਵਿਸ਼ੇਸ਼ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ।

12) **ਇਸ ਸਿੱਖਿਆ ਰਾਹੀਂ ਚੋਣਵੀਂ ਵਿਵਸਥਾ ਕੀਤੀ ਜਾਂਦੀ ਹੈ:-** ਵਿਸ਼ੇਸ਼ ਸਿੱਖਿਆ ਦੁਆਰਾ ਬੱਚੇ ਦੀ ਚੋਣਵੀਂ ਵਿਵਸਥਾ ਕਰਨੀ ਜ਼ਰੂਰੀ ਹੁੰਦੀ ਹੈ। ਇਸ ਦੁਆਰਾ ਬੱਚਿਆਂ ਦਾ ਪੂਰਾ-ਪੂਰਾ ਮੁਲਾਂਕਣ ਕੀਤਾ ਜਾਂਦਾ ਹੈ, ਜੋ ਕਿ ਵੱਖ-ਵੱਖ ਖੇਤਰਾਂ ਦੇ ਸਿਆਣੇ ਮਾਹਿਰ ਕਰਦੇ ਹਨ। ਬੱਚਿਆਂ ਦਾ ਸਰੀਰਕ ਮੁਲਾਂਕਣ ਜਾਂ ਜਾਂਚ ਵਿਸ਼ੇਸ਼ ਮਾਹਿਰਾਂ , ਜਿਵੇਂ ਕਿ ਅੱਖਾਂ ਦੇ ਡਾਕਟਰ, ਕੰਨਾਂ ਦੇ ਡਾਕਟਰ, ਮਨੋਚਿਕਿਤਸਕ, ਮਨੋਵਿਗਿਆਨੀ , ਰੋਗ ਵਿਗਿਆਨੀ, ਬਾਲ ਚਿਕਤਸਕ, ਮਨੋਰੋਗ ਚਿਕਿਤਸਕ ਅਤੇ ਸਿੱਖਿਆ ਅਮਲੇ ਦੁਆਰਾ ਕੀਤੀ ਜਾਂਦੀ ਹੈ, ਤਾਂਕਿ ਅਸਾਧਾਰਣ ਬੱਚਿਆਂ ਦੀ ਚੋਣਵੀਂ ਤੇ ਉੱਚਿਤ ਵਿਵਸਥਾ ਕੀਤੀ ਜਾ ਸਕੇ।

13) **ਇਸ ਸਿੱਖਿਆ ਰਾਹੀਂ ਬੱਚੇ ਆਪਣੀ ਪਸੰਦ ਦੀ ਨੌਕਰੀ ਕਰ ਸਕਦੇ ਹਨ:-** ਵਿਸ਼ੇਸ਼ ਸਿੱਖਿਆ, ਅਸਾਧਾਰਣ ਬੱਚਿਆਂ ਨੂੰ ਆਪਣੀ ਪਸੰਦ ਦੇ ਕਿੱਤੇ ਲੱਭਣ ਵਿਚ ਸਹਾਈ ਹੁੰਦੀ ਹੈ। ਅਪੰਗ ਬੱਚੇ ਸਾਰੀਆਂ ਨੌਕਰੀਆਂ ਲਈ ਫਿੱਟ ਨਹੀਂ ਹੁੰਦੇ। ਇਸ ਕਰਕੇ ਉਨ੍ਹਾਂ ਨੂੰ ਵਿਸ਼ੇਸ਼ ਸਕੂਲਾਂ ਵਿਚ ਕਿੱਤਾ ਮੁਖੀ ਸਿਖਲਾਈ ਦਿੱਤੀ ਜਾਂਦੀ ਹੈ, ਤਾਂਕਿ ਉਹ ਆਪਣੀ ਪਸੰਦ ਦਾ ਕਿੱਤਾ ਚੁਣ ਸਕਣ, ਜੋ ਕਿ ਉਨ੍ਹਾਂ ਦੀ ਸਮਰੱਥਾ ਅਨੁਸਾਰ ਹੋਵੇ।

14) **ਇਹ ਸਿੱਖਿਆ ਬੱਚਿਆਂ ਨੂੰ ਯਥਾਰਥਕ ਅਤੇ ਹਾਂ-ਪੱਖੀ ਬਨਾਉਣ ਵਿਚ ਮਦਦ ਕਰਦੀ ਹੈ:-** ਵਿਸ਼ੇਸ਼ ਸਿੱਖਿਆ ਅਪੰਗ ਬੱਚਿਆਂ ਵਿਚ ਯਥਾਰਥਕ ਅਤੇ ਹਾਂ-ਪੱਖੀ ਸੋਚ ਦਾ ਵਿਕਾਸ ਕਰਦੀ ਹੈ। ਉਹ ਜ਼ਿੰਦਗੀ ਵਿਚ ਵਿਚਰਦੇ ਹੋਏ, ਵੱਖ-ਵੱਖ ਸਥਿਤੀਆਂ ਦੌਰਾਨ ਆਪਣੇ ਗੁਣਾਂ ਅਤੇ ਔਗੁਣਾਂ ਤੋਂ ਸੁਚੇਤ ਹੋ ਜਾਂਦੇ ਹਨ। ਵਿਸ਼ੇਸ਼ ਸਿੱਖਿਆ ਹਰੇਕ ਬੱਚੇ ਨੂੰ ਉਸਦੀ ਕਾਬਲੀਅਤ ਅਨੁਸਾਰ ਉੱਚਿਤ ਸਥਾਨ ਤੇ ਹੀ ਫਿੱਟ ਕਰਦੀ ਹੈ। ਵਿਸ਼ੇਸ਼ ਸਕੂਲਾਂ ਦੇ ਬੱਚਿਆਂ ਨੂੰ ਉਨ੍ਹਾਂ ਦੀ ਯੋਗਤਾ, ਸਮਰੱਥਾ ਅਤੇ ਆਚਰਣ ਸਬੰਧੀ ਵਡਿਆਇਆ ਜਾਂ ਹੱਲਾਸ਼ੇਰੀ ਦਿੱਤੀ ਜਾਂਦੀ ਹੈ। ਇਸ ਨਾਲ ਉਨ੍ਹਾਂ ਵਿਚ ਯਥਾਰਥਕ ਅਤੇ ਹਾਂ-ਪੱਖੀ ਸੋਚ ਦਾ ਵਿਕਾਸ ਹੁੰਦਾ ਹੈ ।

15) **ਬਾਲਗ-ਜੀਵਨ ਲਈ ਤਿਆਰ ਕੀਤਾ ਜਾਂਦਾ ਹੈ:-** ਸਿੱਖਿਆ ਦਾ ਮੁੱਖ ਮੰਤਵ ਵਿਅਕਤੀ ਦੀ ਸਮੁੱਚੀ ਸ਼ਖ਼ਸੀਅਤ ਦਾ ਵਿਕਾਸ ਕਰਨਾ ਹੁੰਦਾ ਹੈ। ਅਧਿਆਪਕ ਗਿਆਨ

ਰਾਹੀਂ ਬੱਚਿਆਂ ਦੇ ਬੌਧਿਕ ਪੱਧਰ ਨੂੰ ਉੱਚਾ ਚੁੱਕਦੇ ਹਨ। ਉਹ ਬੱਚਿਆਂ ਨੂੰ ਉਤਸ਼ਾਹਿਤ ਕਰਦੇ ਹਨ ਕਿ ਉਹ ਨਿੱਜੀ ਅਤੇ ਸਮਾਜਿਕ ਤੌਰ ਤੇ ਐਡਜਸਟ ਕਰਨ ਦੇ ਖ਼ੁਦ ਕਾਬਿਲ ਬਣਨ। ਵਿਸ਼ੇਸ਼ ਸਿੱਖਿਆ ਪ੍ਰੋਗਰਾਮਰ ਦੇ ਵੀ ਬਿਲਕੁਲ ਇਹੀ ਮੰਤਵ ਹਨ। ਵਿਸ਼ੇਸ਼ ਸਕੂਲਾਂ ਦੇ ਬੱਚੇ ਵੀ ਭਵਿੱਖ ਵਿਚ ਹਰ ਸਥਿਤੀ ਦਾ ਮੁਕਾਬਲਾ ਕਰਨ ਲਈ ਸੁਚੇਤ ਰਹਿੰਦੇ ਹਨ। ਇਸ ਤਰ੍ਹਾਂ ਵਿਸ਼ੇਸ਼ ਸਿੱਖਿਆ ਉਸ ਨੂੰ ਆਉਣ ਵਾਲੀ ਜ਼ਿੰਦਗੀ ਲਈ ਤਿਆਰ ਕਰਦੀ ਹੈ।

### 1.1.6 ਤਜਵੀਜ਼ਤ ਪ੍ਰਸ਼ਨ:

**ਪ੍ਰਸ਼ਨ 1.** ਵਿਸ਼ੇਸ਼ ਸਿੱਖਿਆ ਦਾ ਕੀ ਅਰਥ ਹੈ?

**ਪ੍ਰਸ਼ਨ 2.** ਇਹ ਸਪੱਸ਼ਟ ਕਰੋ ਕਿ ਵਿਸ਼ੇਸ਼ ਕਿਸਮ ਦੇ ਬੱਚਿਆਂ ਦੀਆਂ ਵਿਸ਼ੇਸ਼ ਕਿਸਮ ਦੀਆਂ ਹੀ ਲੋੜਾਂ ਹੁੰਦੀਆਂ ਹਨ?

**ਪ੍ਰਸ਼ਨ 3.** ਵਿਸ਼ੇਸ਼ ਸਿੱਖਿਆ ਦੇ ਮਹੱਤਵ ਬਾਰੇ ਚਾਨਣਾ ਪਾਉ?

### 1.1.7 ਤਜਵੀਜ਼ਤ ਪੁਸਤਕਾਂ ਅਤੇ ਵੈੱਬ ਸ੍ਰੋਤ :-


1. Heward, William L. and Orlansky, Michael D. (1992). Exceptional children. Fourth Edition. New York : Macmillan Publishing Company.
2. Gearheart, Bill R., Weishahn, Mel W. and Gearheart, Carol J. (1992). The Exceptional student in the regular classroom. Fifth Edition. New York: Macmillan Publishing Company.
3. Kotwal, Parijit. (2008). Special Education. Delhi : Authors press Jawahar Park Laxmi Nagar
4. Kaur, Rajpal. (2005) Special Education. Delhi : Deep and Deep Publications.
5. https://en.wikipedia.org/wiki/special education
6. tech.com/what-is-special-education
7. www.dodea.educ/curriculum/specialeduc.

**ਪਾਠ ਨੰ: 1.2**

# ਵਿਸ਼ੇਸ਼ ਸਿੱਖਿਆ : ਅਸਾਧਾਰਣ ਬੱਚਿਆਂ ਦਾ ਵਰਗੀਕਰਣ

**ਪਾਠ ਬਣਤਰ**

1.2.1 ਉਦੇਸ਼

1.2.2 ਭੂਮਿਕਾ

1.2.3 ਅਸਾਧਾਰਣ ਬੱਚਿਆਂ ਦਾ ਵਰਗੀਕਰਣ

1.2.3.1 ਮੰਦ-ਬੁੱਧੀ ਵਾਲੇ ਬੱਚੇ

1.2.3.2 ਸਿੱਖਿਆ ਪੱਖੋਂ ਅਯੋਗ ਬੱਚੇ

1.2.3.3 ਵਿਵਹਾਰਕ ਪੱਖੋਂ ਵਿਗਾੜ

1.2.3.4 ਸੰਚਾਰ ਪੱਖੋਂ ਵਿਗਾੜ

1.2.3.5 ਸੁਣਨ ਪੱਖੋਂ ਵਿਗਾੜ

1.2.3.6 ਦੇਖਣ ਪੱਖੋਂ ਵਿਗਾੜ

1.2.3.7 ਸਰੀਰਕ ਅਤੇ ਸਿਹਤ ਪੱਖੋਂ ਵਿਗਾੜ

1.2.3.8 ਗੰਭੀਰ ਕਿਸਮ ਦੇ ਅਪੰਗ ਬੱਚੇ

1.2.3.9 ਪ੍ਰਤਿਭਾਵਾਨ ਅਤੇ ਹੋਣਹਾਰ ਵਿਦਿਆਰਥੀ

1.2.3.10 ਕਿਸੇ ਕਮੀ ਜਾਂ ਘਾਟ ਵਾਲੇ ਬੱਚੇ

1.2.3.11 ਕੁਜੋੜ ਜਾਂ ਕੁਮੇਲ ਬੱਚੇ

1.2.3.12 ਵਿਗੜੇ ਹੋਏ ਨੌਜਵਾਨ

1.2.3.13 ਮਾਨਸਿਕ ਤੌਰ ਤੇ ਪਰੇਸ਼ਾਨ ਬੱਚੇ

1.2.4 ਤਜਵੀਜ਼ਤ ਪ੍ਰਸ਼ਨ

1.2.5 ਤਜਵੀਜ਼ਤ ਪੁਸਤਕਾਂ ਅਤੇ ਵੈੱਬ ਸ੍ਰੋਤ

## 1.2.1 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ, ਵਿਦਿਆਰਥੀ ਇਨ੍ਹਾਂ ਗੱਲਾਂ ਦੇ ਯੋਗ ਹੋ ਜਾਣਗੇ:

1. ਅਸਾਧਾਰਣ ਬੱਚਿਆਂ ਦੇ ਵਰਗੀਕਰਣ ਸਬੰਧੀ ।
2. ਘੱਟ, ਦਰਮਿਆਨੇ ਅਤੇ ਗੰਭੀਰ ਕਿਸਮ ਦੇ ਮੰਦ-ਬੁੱਧੀ ਬੱਚਿਆਂ ਵਿਚਲੇ ਅੰਤਰ ਸਬੰਧੀ।

3. ਨਜ਼ਰ ਦੇ ਵਿਗਾੜ ਜਾਂ ਨੁਕਸ ਸਬੰਧੀ।

4. ਵੱਖ-ਵੱਖ ਵਿਗਾੜਾਂ ਜਾਂ ਨੁਕਸਾਂ ਦੀਆਂ ਵਿਸ਼ੇਸ਼ਤਾਈਆਂ ਵਿਚ ਅੰਤਰ ਸਬੰਧੀ।

**1.2.2 ਭੂਮਿਕਾ:-** "ਅਸਾਧਾਰਣ ਬੱਚੇ" ਉਹ ਬੱਚੇ ਹੁੰਦੇ ਹਨ, ਜਿਨ੍ਹਾਂ ਦੀਆਂ ਲੋੜਾਂ, ਸਮਾਜ ਦੇ ਦੂਜੇ ਬੱਚਿਆਂ ਨਾਲੋਂ ਬਹੁਤ ਭਿੰਨ ਹੁੰਦੀਆਂ ਹਨ। ਇਹ ਬੱਚੇ ਸਾਧਾਰਣ ਬੱਚਿਆਂ ਤੋਂ ਥਿੜਕ ਜਾਂਦੇ ਹਨ, ਕਿਉਂਕਿ ਇਨ੍ਹਾਂ ਨੇ ਨਿਯਮਿਤ ਸਕੂਲਾਂ ਵਿਚ ਪੜ੍ਹਾਈ ਨਹੀਂ ਕੀਤੀ ਹੁੰਦੀ। ਇਹ ਵੀ ਹੋ ਸਕਦਾ ਹੈ ਕਿ ਅਸਾਧਾਰਣ ਬੱਚਿਆਂ ਦੇ ਕਿਸੇ ਗਰੁੱਪ ਵਿੱਚ ਵੀ ਭਿੰਨਤਾ ਜਾਂ ਅੰਤਰ ਦਿਖਾਈ ਦੇ ਜਾਵੇ। ਉਨ੍ਹਾਂ ਵਿੱਚ ਪਾਏ ਜਾਦੇ ਵਿਗਾੜ ਜਾਂ ਨੁਕਸ ਦੀ ਡਿਗਰੀ ਵਿਚ ਅੰਤਰ ਹੋ ਸਕਦਾ ਹੈ। ਅਸਾਧਾਰਣ ਬੱਚਿਆਂ ਦੀ ਵਿਆਖਿਆ ਅਸੀਂ ਇਵੇਂ ਕਰ ਸਕਦੇ ਹਾਂ ਕਿ ਇਹ ਉਹ ਬੱਚੇ ਹਨ, ਜਿਹੜੇ ਆਮ ਸਧਾਰਣ ਬੱਚਿਆਂ ਨਾਲੋਂ ਸਰੀਰਕ ਅਤੇ ਮਨੋਵਿਗਿਆਨਕ ਤੌਰ ਤੇ ਇੰਨੇ ਭਿੰਨ ਹਨ ਕਿ ਉਨ੍ਹਾਂ ਦਾ ਸਮੁੱਚਾ ਵਿਕਾਸ ਅਤੇ ਸ਼ਖ਼ਸੀਅਤ ਦਾ ਵਿਕਾਸ ਪਰੰਪਰਕ ਸਕੂਲਾਂ ਦੇ ਅਨੁਕੂਲ ਨਹੀਂ ਹੁੰਦਾ। ਇਸ ਕਰਕੇ ਉਨ੍ਹਾਂ ਦੀ ਵਿਸ਼ੇਸ਼ ਦੇਖਭਾਲ, ਵਿਸ਼ੇਸ਼ ਸਿੱਖਿਆ ਜਾਂ ਵਿਸ਼ੇਸ਼ ਸਹਾਇਕ ਸੇਵਾਵਾਂ ਲੋੜੀਂਦੀਆਂ ਹੁੰਦੀਆਂ ਹਨ, ਤਾਂ ਕਿ ਉਨ੍ਹਾਂ ਦੀਆਂ ਯੋਗਤਾਵਾਂ ਵਿਕਾਸ ਜਾਂ ਪ੍ਰਫੁੱਲਤ ਕਰ ਸਕਣ।

## 1.2.3 ਅਸਾਧਾਰਣ ਬੱਚਿਆਂ ਦਾ ਵਰਗੀਕਰਣ :

**1.2.3.1 ਮੰਦ-ਬੁੱਧੀ ਵਾਲੇ ਬੱਚੇ :-** ਮੰਦ-ਬੁੱਧੀ ਬੱਚੇ ਉਹ ਹੁੰਦੇ ਹਨ ਜਿਹੜੇ ਆਪਣੇ ਸਾਧਾਰਣ ਸਾਥੀਆਂ ਨਾਲੋਂ ਅਸਥਾਈ ਜਾਂ ਸਥਾਈ ਕਾਰਣਾਂ ਕਰਕੇ ਔਸਤ ਤੋਂ ਵੀ ਥੱਲੇ ਰਹਿਕੇ ਕਾਰਜ ਕਰਦੇ ਹਨ। ਇਸ ਗੱਲ ਦੀ ਘੱਟ ਹੀ ਸੰਭਾਵਨਾ ਹੁੰਦੀ ਹੈ ਕਿ ਅਜਿਹਾ ਬੱਚਾ ਸੁਤੰਤਰ ਰੂਪ ਵਿਚ ਕੋਈ ਕਾਰਜ ਕਰ ਸਕੇ ਅਤੇ ਸਮਾਜ ਵਿਚ ਵੀ ਅਜਿਹਾ ਬੱਚਾ ਘੱਟ ਕਾਬਲੀਅਤ ਦਾ ਮਾਲਿਕ ਹੀ ਹੁੰਦਾ ਹੈ ਅਤੇ ਉਸਦਾ ਵਿਵਹਾਰ ਵੀ ਬਹੁਤਾ ਫਲਣਹਾਰ ਨਹੀਂ ਹੁੰਦਾ। ਮੰਦ-ਬੁੱਧੀ ਵਾਲੇ ਬੱਚਿਆਂ ਨੂੰ ਅੱਗੋਂ ਚਾਰ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ।

**ਟੇਬਲ : ਏ.ਏ.ਐਮ.ਆਰ (ਅਮਰੀਕਨ ਐਸੋਸਿਏਸ਼ਨ ਔਨ ਮੈਡੀਕਲ ਰਿਟਾਰਡੇਸ਼ਨ) ਅਨੁਸਾਰ ਮੰਦ-ਬੁੱਧੀ ਬੱਚਿਆਂ ਦਾ ਪੱਧਰ**

| ਪੱਧਰ | – | ਬੌਧਿਕ ਟੈਂਸਟ ਦੇ ਅੰਕ |
|---|---|---|
| ਘੱਟ | – | 50-50 ਤੋਂ ਲਗਭਗ 70 (+/-5) |
| ਦਰਮਿਆਨਾ | – | 35-40 ਤੋਂ 50-55 |
| ਗੰਭੀਰ | – | 20-25 ਤੋਂ 35-40 |
| ਅਤਿ ਗੰਭੀਰ | – | 20-25 ਤੋਂ ਹੇਠਾਂ |

**ਘੱਟ ਮੰਦ-ਬੁੱਧੀ ਵਾਲੇ ਬੱਚੇ :-** ਜਿਹੜੇ ਬੱਚੇ ਘੱਟ ਮੰਦ-ਬੁੱਧੀ ਵਾਲੇ ਹੁੰਦੇ ਹਨ, ਉਨ੍ਹਾਂ ਨੂੰ ਪਬਲਿਕ ਸਕੂਲਾਂ ਦੇ ਵਿਚ ਪਰੰਪਰਕ ਤੌਰ ਤੇ ਸੁਤੰਤਰ ਕਲਾਸ ਵਿਚ ਬਿਠਾਇਆ ਜਾਂਦਾ ਰਿਹਾ ਹੈ। ਅਜੋਕੇ ਸਮੇਂ ਵਿਚ ਘੱਟ ਮੰਦ-ਬੁੱਧੀ ਬੱਚਿਆਂ ਨੂੰ ਨਿਯਮਿਤ ਕਲਾਸ ਰੂਮ ਵਿਚ ਦੂਜੇ ਬੱਚਿਆਂ ਨਾਲ ਬਿਠਾਇਆ ਜਾਂਦਾ ਹੈ। ਲੇਕਿਨ ਅਧਿਆਪਕ ਦੇ ਨਾਲ ਇੱਕ ਵਿਸ਼ੇਸ਼ ਸਹਾਇਕ ਦਿੱਤਾ ਜਾਂਦਾ ਹੈ, ਜਿਹੜਾ ਬੱਚੇ ਦੀਆਂ ਵਿਸ਼ੇਸ਼ ਲੋੜਾਂ ਨੂੰ ਪੂਰਾ ਕਰਦਾ ਹੈ ਅਤੇ ਰਿਸੋਰਸ-ਕਮਰੇ ਵਿਚ ਲੋੜ ਅਨੁਸਾਰ ਉਸਨੂੰ ਵਧੇਰੇ ਪੜ੍ਹਾਉਂਦਾ ਤੇ ਸਿਖਾਉਂਦਾ ਹੈ। ਘੱਟ ਮੰਦ-ਬੁੱਧੀ ਬੱਚਿਆਂ ਬਾਰੇ ਸਕੂਲ ਜਾਣ ਤੱਕ ਕੁਝ ਪਤਾ ਨਹੀਂ ਚਲਦਾ, ਕਈ ਵਾਰ ਤਾਂ ਦੂਜੀ ਜਾਂ ਤੀਜੀ ਕਲਾਸ ਤੱਕ ਨਹੀਂ ਪਤਾ ਚਲਦਾ ਕਿ ਉਹ ਮੰਦ-ਬੁੱਧੀ ਵਾਲੇ ਬੱਚੇ ਹਨ। ਪਤਾ ਉਦੋਂ ਲੱਗਦਾ ਹੈ, ਜਦੋਂ ਵਧੇਰੇ ਮੁਸ਼ਕਿਲ ਕੰਮ ਕਲਾਸ ਨੂੰ ਦਿੱਤਾ ਜਾਂਦਾ ਹੈ। ਆਮ ਤੌਰ ਤੇ ਘੱਟ ਮੰਦ-ਬੁੱਧੀ ਬੱਚਿਆਂ ਨੂੰ ਮੁੱਢਲੇ ਸਾਲਾਂ ਵਿਚ

ਸਕੂਲ ਦੇ ਪ੍ਰੋਗਰਾਮਾਂ ਤਹਿਤ ਪੜ੍ਹਨਾ, ਲਿਖਣਾ ਅਤੇ ਗਿਣਤੀ ਕਰਨਾ ਸਿਖਾਇਆ ਜਾਂਦਾ ਹੈ, ਫੇਰ ਹਾਈ ਸਕੂਲ ਵਿਚ ਕਿੱਤਾ-ਮੁੱਖੀ ਸਿਖਲਾਈ ਤੇ ਜ਼ੋਰ ਦਿੱਤਾ ਜਾਂਦਾ ਹੈ। ਜਿਹੜੇ ਬਿਲਕੁਲ ਹੀ ਨਾਮਾਤਰ ਮੰਦ-ਬੁੱਧੀ ਬੱਚੇ ਹੋਣ, ਉਨ੍ਹਾਂ ਨੂੰ ਛੇਵੀਂ ਕਲਾਸ ਤੱਕ ਅਕਾਦਮਿਕ ਸਿੱਖਿਆ ਦਿੱਤੀ ਜਾਂਦੀ ਹੈ ਅਤੇ ਫੇਰ ਨੌਕਰੀ ਸਬੰਧੀ ਕਿਸੇ ਹੁਨਰ ਦੀ ਸਿਖਲਾਈ ਦਿੱਤੀ ਜਾਂਦੀ ਹੈ, ਤਾਂ ਕਿ ਉਹ ਸੁਤੰਤਰ ਰੂਪ ਵਿਚ ਜਾਂ ਕਿਸੇ ਦੀ ਸਹਾਇਤਾ ਨਾਲ ਆਪਣਾ ਗੁਜ਼ਾਰਾ ਕਰ ਸਕਣ। ਬਹੁਤ ਸਾਰੇ ਐਸੇ ਬਾਲਗ ਹਨ, ਜੋ ਕਿ ਮੰਦ-ਬੁੱਧੀ ਵਾਲੇ ਹੋਣ ਦੇ ਬਾਵਜੂਦ ਆਪਣੇ ਸਾਧਾਰਣ ਸਾਥੀਆਂ ਵਾਂਗ, ਸੰਚਾਰ ਦੇ ਸਾਰੇ ਹੁਨਰ ਜਾਣਦੇ ਹਨ ਅਤੇ ਉਨ੍ਹਾਂ ਵਿੱਚੋਂ ਬਹੁਤਿਆਂ ਬਾਰੇ ਪਤਾ ਹੀ ਨਹੀਂ ਚਲਦਾ ਕਿ ਉਹ ਮੰਦ-ਬੁੱਧੀ ਵਾਲੇ ਹਨ।

**ਦਰਮਿਆਨਾ ਵਿਗਾੜ ਜਾਂ ਨੁਕਸ:-** ਘੱਟ ਮੰਦ-ਬੁੱਧੀ ਵਾਲੇ ਬੱਚਿਆਂ ਦੇ ਵਿਪਰੀਤ, ਦਰਮਿਆਨੀ ਬੁੱਧੀ ਵਾਲੇ ਬੱਚੇ ਨਰਸਰੀ ਕਲਾਸ ਤੋਂ ਹੀ ਪਤਾ ਚਲ ਜਾਂਦੇ ਹਨ, ਕਿਉਂਕਿ ਉਹ ਕਿਸੇ ਵੀ ਕੰਮ ਨੂੰ ਦੇਰੀ ਨਾਲ ਕਰਦੇ ਹਨ ਅਤੇ ਦੇਰੀ ਨਾਲ ਹੀ ਵਿਕਸਿਤ ਹੁੰਦੇ ਹਨ। ਜਿਵੇਂ-ਜਿਵੇਂ ਇਹ ਵੱਡੇ ਹੁੰਦੇ ਹਨ, ਇਨ੍ਹਾਂ ਅੰਦਰਲੀਆਂ ਕਮੀਆਂ ਵਧੇਰੇ ਜ਼ਾਹਰ ਹੋਣ ਲਗ ਪੈਂਦੀਆਂ ਹਨ ਅਤੇ ਸਾਧਾਰਣ ਬੱਚਿਆਂ ਨਾਲੋਂ ਇਨ੍ਹਾਂ ਦਾ ਅੰਤਰ ਸਪਸ਼ਟ ਦਿਖਾਈ ਦੇਣ ਲਗ ਪੈਂਦਾ ਹੈ। ਇਹ ਅੰਤਰ ਬੌਧਿਕ ਪੱਧਰ ਤੇ, ਸਮਾਜਿਕ ਪੱਧਰ ਤੇ ਅਤੇ ਚਲਣ-ਫਿਰਨ ਜਾਂ ਗਤੀਸ਼ੀਲਤਾ ਦੇ ਪੱਧਰ ਤੇ ਦਿਖਾਈ ਦੇਣ ਲਗ ਪੈਂਦਾ ਹੈ। ਦਰਮਿਆਨੀ ਮੰਦ-ਬੁੱਧੀ ਵਾਲੇ ਵਿਅਕਤੀਆਂ ਵਿਚ ਲਗਭਗ 30% ਐਸੇ ਹੁੰਦੇ ਹਨ, ਜਿਨ੍ਹਾਂ ਅੰਦਰ ਸਹਿ-ਲੱਛਣ ਹੁੰਦੇ ਹਨ ਅਤੇ 50% ਵਿਚ ਕਿਸੇ ਪ੍ਰਕਾਰ ਦਾ ਦਿਮਾਗੀ ਨੁਕਸ ਹੁੰਦਾ ਹੈ (ਨੀਸਵਰਥ ਅਤੇ ਸਮਿੱਥ, 1978)। ਦਰਮਿਆਨੀ ਮੰਦ-ਬੁੱਧੀ ਵਾਲੇ ਵਿਅਕਤੀਆਂ ਵਿਚ ਹੋਰ ਵੀ ਅਪੰਗਤਾ ਅਤੇ ਸਰੀਰਕ ਵਿਗਾੜ ਹੋ ਸਕਦੇ ਹਨ ਲੇਕਿਨ ਅਜਿਹੇ ਨੁਕਸ ਜਾਂ ਵਿਗਾੜ ਘੱਟ ਮੰਦ-ਬੁੱਧੀ ਵਾਲੇ ਵਿਅਕਤੀਆਂ ਵਿਚ ਨਹੀਂ ਪਾਏ ਜਾਂਦੇ ।

ਦਰਮਿਆਨੀ ਮੰਦ-ਬੁੱਧੀ ਵਾਲੇ ਬੱਚਿਆਂ ਨੂੰ ਸਕੂਲ ਸਮੇਂ ਅਕਸਰ ਵੱਖਰੇ ਤੇ ਸੁਤੰਤਰ ਕਮਰਿਆਂ ਵਿਚ ਪੜ੍ਹਾਇਆ ਜਾਂਦਾ ਹੈ। ਇਨ੍ਹਾਂ ਕਮਰਿਆਂ ਵਿਚ ਰੋਜ਼ਾਨਾ ਦੀ ਦਿਨਚਰਿਆ ਬਾਰੇ ਬਹੁਤ ਉੱਚ-ਪੱਧਰ ਦੇ ਪ੍ਰੋਗਰਾਮ ਉਲੀਕੇ ਗਏ ਹੁੰਦੇ ਹਨ। ਅਧਿਆਪਕ ਬੜੀ ਸੀਮਿਤ ਸ਼ਬਦਾਵਲੀ ਦਾ ਪ੍ਰਯੋਗ ਕਰਦੇ ਹਨ ਮਸਲਨ: (ਬਾਹਰ ਜਾਉ, ਤੁਰੋ ਨਾ, ਰੁਕ ਜਾਉ ਆਦਿ) , ਇਸਦੇ ਨਾਲ ਹੀ ਪੜ੍ਹਨ ਸਬੰਧੀ ਕੁਝ ਸਰਲ ਤਰੀਕੇ ਅਤੇ ਅੰਕਾਂ ਸਬੰਧੀ ਕੁਝ ਮੁੱਢਲੇ ਢੰਗ ਸਿਖਾਏ ਜਾਂਦੇ ਹਨ। ਪਹਿਲਾਂ-ਪਹਿਲ, ਦਰਮਿਆਨੀ ਮੰਦ-ਬੁੱਧੀ ਵਾਲੇ ਵਿਅਕਤੀਆਂ ਨੂੰ ਸਮਾਜ ਵਿੱਚੋਂ ਬਾਹਰ ਕੱਢ ਕੇ ਵੱਡੀਆਂ ਸੰਸਥਾਵਾਂ ਵਿੱਚ ਦਾਖਲ ਕਰਾ ਦਿੱਤਾ ਜਾਂਦਾ ਸੀ, ਉਥੇ ਉਨ੍ਹਾਂ ਨੂੰ ਵਿਕਾਸ ਕਰਨ ਜਾਂ ਸਿੱਖਣ ਦਾ ਕੋਈ ਮੌਕਾ ਨਹੀਂ ਮਿਲਦਾ ਸੀ, ਤਾਂਕਿ ਉਹ ਸਮਾਜ ਵਿਚ ਦੁਬਾਰਾ ਆ ਕੇ ਵਿਚਰ ਸਕਣ। ਅਜੋਕੇ ਸਮੇਂ ਵਿਚ ਦਰਮਿਆਨੀ ਬੁੱਧੀ ਵਾਲੇ ਵਿਅਕਤੀਆਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਅਤੇ ਉਨ੍ਹਾਂ ਦੀ ਦੇਖ-ਰੇਖ ਕੀਤੀ ਜਾਂਦੀ ਹੈ, ਤਾਂ ਕਿ ਉਹ ਵੀ ਸਮਾਜ ਵਿਚ ਰਹਿ ਕੇ ਆਪਣਾ ਕੰਮ ਕਰ ਸਕਣ।

**ਬਹੁਤ ਜ਼ਿਆਦਾ ਵਿਗਾੜ ਜਾਂ ਨੁਕਸ :-** ਜਿਹੜੇ ਵਿਅਕਤੀ ਦਿਮਾਗੀ ਤੌਰ ਤੇ ਬਹੁਤ ਜ਼ਿਆਦਾ ਵਿਗਾੜ ਜਾਂ ਨੁਕਸ ਵਾਲੇ ਹੁੰਦੇ ਹਨ, ਉਨ੍ਹਾਂ ਦਾ ਜਨਮ ਸਮੇਂ ਹੀ ਜਾਂ ਤੁਰੰਤ ਬਾਅਦ ਵਿਚ ਪਤਾ ਚਲਾ ਜਾਂਦਾ ਹੈ। ਇਨ੍ਹਾਂ ਵਿੱਚੋਂ ਬਹੁਤੇ ਬੱਚੇ, ਤੰਤੂ ਪ੍ਰਬੰਧ ਵਿਚ ਨੁਕਸ ਦੇ ਸ਼ਿਕਾਰ ਹੁੰਦੇ ਹਨ ਅਤੇ ਕੁਝ ਹੋਰ ਪ੍ਰਕਾਰ ਦੀ ਅਪੰਗਤਾ ਦਾ ਸ਼ਿਕਾਰ ਹੁੰਦੇ ਹਨ। ਭਾਵੇਂ 'ਏ.ਏ.ਐਮ.ਆਰ.' (ਅਮੈਰਿਕਨ ਐਸੋਸਿਏਸ਼ਨ ਔਨ ਮੈਂਟਲ-ਰਿਟਾਰਡੇਸ਼ਨ) ਬਹੁਤ ਜ਼ਿਆਦਾ ਮੰਦ-ਬੁੱਧੀ ਬੱਚਿਆਂ ਨੂੰ ਬੁੱਧੀ ਅਨੁਸਾਰ ਪਰਖਦੀ ਹੈ। ਆਮ ਬੱਚੇ ਅਤੇ ਉਕਤ ਬੱਚਿਆਂ ਵਿੱਚ ਮੁੱਖ ਅੰਤਰ, ਉਨਾਂ ਦੀ ਕ੍ਰਿਆਸ਼ੀਲਤਾ ਵਿਚਲੇ ਨੁਕਸ ਦਾ ਹੀ ਹੁੰਦਾ ਹੈ। ਅੱਜਕਲ ਬਹੁਤ ਜ਼ਿਆਦਾ ਦਿਮਾਗੀ ਨੁਕਸ ਵਾਲੇ ਵਿਅਕਤੀ ਨੂੰ ਖੁਦ ਦੀ ਦੇਖਭਾਲ ਕਰਨ ਦੀਆ ਜੁਗਤਾਂ ਸਿਖਾਈਆਂ ਜਾਂਦੀਆਂ ਹਨ, ਮਸਲਨ ਸ਼ੋਚ ਕਰਨ ਸਬੰਧੀ, ਆਪਣੇ ਆਪਨੂੰ ਤਿਆਰ ਕਰਨ ਸਬੰਧੀ , ਖਾਣਾ ਖਾਣ ਸਬੰਧੀ ਅਤੇ ਗੱਲਬਾਤ ਕਰਨ ਸਬੰਧੀ। ਇਸ ਪ੍ਰਕਾਰ ਦਾ ਵਿਅਕਤੀ ਕਈ ਵਾਰ ਆਪਣੀਆਂ ਨਿੱਜੀ-ਲੋੜਾਂ ਖੁਦ ਪੂਰੀਆਂ ਨਹੀਂ ਕਰ

ਪਾਂਦਾ, ਕਿਉਂਕਿ ਉਹ ਸੁਤੰਤਰ ਰੂਪ ਵਿਚ ਤੁਰ-ਫਿਰ ਨਹੀਂ ਸਕਦਾ, ਜਿਸਦੇ ਲਈ ਉਸਨੂੰ ਦੇਖ-ਰੇਖ ਲਈ 24 ਘੰਟੇ ਵਾਸਤੇ ਕੋਈ ਵਿਅਕਤੀ ਲੋੜੀਂਦਾ ਹੁੰਦਾ ਹੈ।

**1.2.3.2 ਅਪੰਗ ਬੱਚਿਆਂ ਦੀ ਸਿਖਲਾਈ :-** ਇਸ ਪ੍ਰਕਾਰ ਦੇ ਬੱਚਿਆਂ ਵਿਚ ਇੱਕ ਜਾਂ ਵਧੇਰੇ ਪ੍ਰਕਾਰ ਦਾ ਮਨੋਵਿਗਿਆਨਕ ਨੁਕਸ ਹੁੰਦਾ ਹੈ, ਜੋਕਿ ਸਮਝਣ ਵਿਚ, ਬੋਲਣ ਵਿਚ ਜਾਂ ਲਿਖਣ ਵਿੱਚ ਪ੍ਰਤੱਖ ਹੋ ਜਾਂਦਾ ਹੈ। ਇਹ ਵਿਗਾੜ ਸੁਣਨ, ਪੜ੍ਹਨ, ਲਿਖਣ, ਉਚਾਰਣ, ਹਿਸਾਬ ਵਿਚ ਅਤੇ ਬੋਲ-ਚਾਲ ਆਦਿ ਵਿੱਚੋਂ ਪ੍ਰਗਟ ਹੋ ਜਾਂਦਾ ਹੈ। ਇਨ੍ਹਾਂ ਬੱਚਿਆਂ ਨੂੰ ਸਿਖਣ ਵਿਚ ਸਮੱਸਿਆ ਹੁੰਦੀ ਹੈ ਲੇਕਿਨ ਇਹ ਸਮੱਸਿਆ ਸੁਣਨ, ਚਲਣ-ਫਿਰਨ, ਦਿਮਾਗੀ ਜਾਂ ਭਾਵਾਤਮਕ ਨਹੀਂ ਹੁੰਦੀ। ਇਹ ਬੱਚੇ ਲਿਆਕਤ ਪੱਖੋਂ, ਔਸਤ ਨਾਲੋਂ ਉਪਰ ਹੁੰਦੇ ਹਨ ਪਰ ਇਹ ਮਨਮੌਜੀ, ਡੌਰੇ-ਭੌਰੇ ਅਤੇ ਭਾਸ਼ਾ ਪੱਖੋਂ ਕਮਜ਼ੋਰ ਹੁੰਦੇ ਹਨ। ਇਹ ਯਾਦਦਾਸ਼ਤ ਅਤੇ ਸੋਚ ਪੱਖੋਂ ਵੀ ਕੁਝ ਕਮਜ਼ੋਰ ਹੁੰਦੇ ਹਨ।

**1.2.3.3 ਵਿਵਹਾਰਕ ਨੁਕਸ ਜਾਂ ਵਿਗਾੜ :-** ਜਦੋਂ ਬੱਚੇ ਕਿਸੇ ਸਮੂਹ ਜਾਂ ਗਰੁੱਪ ਵਿਚ ਰਹਿੰਦੇ ਹਨ, ਤਾਂ ਉਸ ਗਰੁੱਪ ਦੇ ਗੁਣ ਜਾਂ ਵਿਵਹਾਰ ਵੀ ਗ੍ਰਹਿਣ ਕਰ ਲੈਂਦੇ ਹਨ। ਕੁਏ ਇਸਦੇ ਚਾਰ ਰੂਪ ਦੱਸਦਾ ਹੈ: ਵਿਵਹਾਰ ਵਿਚ ਨੁਕਸ, ਸ਼ਖ਼ਸੀਅਤ ਵਿਚ ਵਿਗਾੜ, ਅਲ੍ਹੜਪੁਣਾ ਅਤੇ ਸਮਾਜਿਕ ਰੂਪ ਵਿਚ ਆਈ ਵਧੀਕੀ। ਜਿਨ੍ਹਾਂ ਬੱਚਿਆਂ ਦੇ ਰਵੱਈਏ ਵਿਚ ਵਿਗਾੜ ਆ ਜਾਂਦਾ ਹੈ, ਉਹ ਆਗਿਆਕਾਰ ਨਹੀਂ ਰਹਿੰਦੇ ਅਤੇ ਉਹ ਲੜਾਈ-ਝਗੜੇ ਕਰਦੇ ਹਨ ਅਤੇ ਸੁਭਾਅ ਪੱਖੋਂ ਗੁਸੈਲੇ ਹੋ ਜਾਂਦੇ ਹਨ। ਸ਼ਖ਼ਸੀਅਤ ਵਿਚ ਵਿਗਾੜ ਵਾਲੇ ਬੱਚੇ ਸਮਾਜ ਤੋਂ ਬਾਗੀ ਹੋ ਜਾਂਦੇ ਹਨ, ਬੈਚੇਨ, ਨਿਰਾਸ਼, ਘਟੀਆਪਣ ਦੀ ਪ੍ਰਵਿਰਤੀ, ਸ਼ਰਮਾਕਲ ਅਤੇ ਨਾਖੁਸ਼ ਰਹਿੰਦੇ ਹਨ। ਅਪ੍ਰੌੜ ਬੱਚਿਆਂ ਵਿਚ ਇਕਾਗਰਤਾ ਦੀ ਕਮੀ,ਘੋਰ ਉਦਾਸੀਨਤਾ ਹੁੰਦੀ ਹੈ, ਉਨ੍ਹਾਂ ਨੂੰ ਖਿਆਲੀ ਪਲਾਉ ਬਨਾਉਣੇ, ਆਪਣੇ ਤੋਂ ਛੋਟਿਆਂ ਨਾਲ ਦੋਸਤੀ ਕਰਨੀ ਅਤੇ ਬੇਢੰਗੇ-ਕੁਚੱਜੇ ਬਣਕੇ ਰਹਿਣਾ ਚੰਗਾ ਲੱਗਦਾ ਹੈ। ਚੌਥਾ ਰੂਪ ਹੈ, ਸਮਾਜਿਕ ਤੌਰ ਤੇ ਵਧੀਕੀਆਂ ਅਤੇ ਜ਼ਿਆਦਤੀਆਂ ਕਰਨਾ। ਇਨ੍ਹਾਂ ਵਿਚ ਭਗੌੜਾਪਣ, ਕਿਸੇ ਟੋਲੇ ਦਾ ਮੈਂਬਰ ਬਣਨਾ, ਚੋਰੀਆਂ-ਚਕਾਰੀਆਂ ਕਰਨਾ ਅਤੇ ਗਰਵ ਮਹਿਸੂਸ ਕਰਨਾ ਕਿ ਮੈਂ ਕਿਸੇ ਵਿਗੜੇ ਹੋਏ ਗੈਂਗ ਜਾਂ ਟੋਲੇ ਦਾ ਮੈਂਬਰ ਹਾਂ।

**1.2.3.4 ਸੰਚਾਰ ਵਿਚ ਵਿਗਾੜ ਜਾਂ ਨੁਕਸ :-** ਉਹ ਬੱਚੇ, ਜਿਹੜੇ ਆਪਣੀ ਗੱਲ ਦੂਜਿਆਂ ਨੂੰ ਨਹੀਂ ਸਮਝਾ ਸਕਦੇ ਜਾਂ ਖੁਦ ਨਹੀਂ ਸਮਝ ਸਕਦੇ, ਸੰਭਵਤਾ ਉਹ ਸਿੱਖਿਆ ਦੇ ਸਾਰੇ ਪੱਖਾਂ ਤੋਂ ਵਾਂਝੇ ਰਹਿ ਜਾਂਦੇ ਹਨ। ਉਹ ਵਿਸ਼ੇਸ਼ ਸਹਾਇਤਾ ਦੀ ਮੰਗ ਕਰਦੇ ਹਨ। ਇਸ ਪ੍ਰਕਾਰ ਦੀਆਂ ਸਮੱਸਿਆਵਾਂ ਨੂੰ ਸੰਚਾਰ ਕਰਨ ਵਿਚ ਵਿਗਾੜ ਜਾਂ ਨੁਕਸ ਆਖਿਆ ਜਾਂਦਾ ਹੈ। ਇਹ ਸਮੱਸਿਆ ਅਕਸਰ ਨਿਯਮਿਤ ਅਤੇ ਵਿਸ਼ੇਸ਼ ਕਲਾਸਾਂ ਵਿਚ ਦੇਖਣ ਨੂੰ ਮਿਲ ਜਾਂਦੀ ਹੈ। ਬੋਲਣ ਜਾਂ ਭਾਸ਼ਾ ਵਿਚ ਵਿਗਾੜ ਦੀ ਪਰਿਭਾਸ਼ਾ ਇਸ ਪ੍ਰਕਾਰ ਕੀਤੀ ਜਾ ਸਕਦੀ ਹੈ, ਇਹ ਸੰਚਾਰ ਦੇ ਵਿਗਾੜ ਸਬੰਧੀ ਇੱਕ ਅਪੰਗਤਾ ਹੈ, ਜਿਸ ਵਿਚ ਸਪਸ਼ਟ ਉਚਾਰਣ ਨਾ ਕਰ ਪਾਉਣਾ, ਭਾਸ਼ਾ ਵਿਚ ਵਿਗਾੜ ਹੋਣਾ ਜਾਂ ਆਵਾਜ਼ ਸਬੰਧੀ ਨੁਕਸ ਹੋਣਾ ਸ਼ਾਮਿਲ ਹੈ, ਫਲਸਰੂਪ ਬੱਚੇ ਦੀ ਸਿੱਖਿਆ ਉੱਤੇ ਇਸਦਾ ਮਾਰੂ ਅਸਰ ਪੈਂਦਾ ਹੈ।

ਸੰਚਾਰ ਦੇ ਵਿਗਾੜ ਸਬੰਧੀ ਬਹੁਤ ਸਾਰੇ ਮਾਹਿਰਾਂ ਦਾ ਵਿਚਾਰ ਹੈ ਕਿ ਬੋਲਣ ਦੇ ਵਿਗਾੜ ਅਤੇ ਭਾਸ਼ਾ ਦੇ ਵਿਗਾੜ ਵਿਚ ਅੰਤਰ ਹੁੰਦਾ ਹੈ। ਜਿਹੜੇ ਬੱਚੇ ਬੋਲਣ ਵਿਚ ਮੁਸ਼ਕਿਲ ਮਹਿਸੂਸ ਕਰਦੇ ਹਨ , ਉਹ ਧੁਨੀਆਂ ਨੂੰ ਸਹੀ ਢੰਗ ਨਾਲ ਨਹੀਂ ਉਚਾਰ ਸਕਦੇ, ਜਿਸਦੇ ਕਾਰਣ ਬੋਲਣ ਲੱਗਿਆਂ ਉਨ੍ਹਾਂ ਦੀ ਭਾਸ਼ਾ ਵਿਚ ਰਵਾਨੀ ਅਤੇ ਲੈਅ ਕਾਇਮ ਨਹੀਂ ਰਹਿੰਦੀ। ਉਨ੍ਹਾਂ ਦੀ ਆਵਾਜ਼ ਵਿਚ ਵੀ ਉਹ ਪ੍ਰਭਾਵ ਨਹੀਂ ਰਹਿੰਦਾ। ਬੋਲਣ ਵਿਚ ਨੁਕਸ, ਭਾਸ਼ਾ ਦੇ ਪੱਖੋਂ ਵਿਗਾੜ ਕਾਰਨ ਪੈਂਦਾ ਹੈ। ਜਿਹੜੇ ਬੱਚਿਆਂ ਵਿਚ ਭਾਸ਼ਾ ਦਾ ਵਿਗਾੜ ਹੁੰਦਾ ਹੈ, ਉਨ੍ਹਾਂ ਨੂੰ ਸਮਝਣ ਵਿਚ ਅਤੇ ਚਿੰਨ੍ਹਾਂ ਅਤੇ ਨਿਯਮਾਂ ਨੂੰ ਸਮਝਾਉਣ ਵਿਚ ਵੀ ਮੁਸ਼ਕਿਲ ਪੇਸ਼ ਆਉਂਦੀ ਹੈ, ਜੋਕਿ ਦੂਜੇ ਲੋਕ ਆਪਸ ਵਿਚ ਇੱਕ-ਦੂਜੇ ਨਾਲ ਵਰਤਦੇ ਹਨ। ਕਿਸੇ ਬੱਚੇ ਨੂੰ ਭਾਸ਼ਾ ਦੇ ਰੂਪ ਅਤੇ ਵਿਸ਼ੇ ਨੂੰ ਸਮਝਣ

ਵਿਚ ਮੁਸ਼ਕਿਲ ਆ ਸਕਦੀ ਹੈ, ਕਿਉਂਕਿ ਬੋਲਣਾ ਅਤੇ ਭਾਸ਼ਾ ਦਾ ਗੂੜ੍ਹਾ ਸਬੰਧ ਹੁੰਦਾ ਹੈ। ਕਈ ਲੋਕ ਇਹ ਸਮਝਦੇ ਹਨ ਕਿ ਬੋਲਣ ਨੂੰ ਦੇਖਕੇ ਸਮਝਣ ਵਿਚ ਅਸਾਨੀ ਰਹਿੰਦੀ ਹੈ। ਕਿਸੇ ਬੱਚੇ ਵਿੱਚ ਬੋਲਣ ਦਾ ਨੁਕਸ ਹੋ ਸਕਦਾ ਹੈ ਜਾਂ ਭਾਸ਼ਾ ਦਾ ਵਿਗਾੜ ਹੋ ਸਕਦਾ ਹੈ ਜਾਂ ਇਹ ਦੋਵੇਂ ਨੁਕਸ ਹੀ ਹੋ ਸਕਦੇ ਹਨ।

**1.2.3.5 ਸੁਣਨ ਦਾ ਵਿਗਾੜ :-** ਜਿਹੜਾ ਵਿਅਕਤੀ ਬੋਲਾ ਹੁੰਦਾ ਹੈ, ਉਹ ਕਿਸੇ ਨੂੰ ਬੋਲਦਿਆਂ ਨਹੀਂ ਸੁਣ ਸਕਦਾ, ਬੇਸ਼ੱਕ ਉਹ ਕੁਝ ਧੁਨੀਆਂ ਜ਼ਰੂਰ ਮਹਿਸੂਸ ਕਰਦਾ ਹੈ। ਇੱਥੋਂ ਤੱਕ ਕਿ ਉਸ ਵਿਅਕਤੀ ਨੂੰ ਸੁਣਨ-ਸਹਾਈ ਯੰਤਰ ਲਗਾ ਕੇ ਵੀ ਆਪਣੇ ਕੰਨਾਂ ਨਾਲ ਕਿਸੇ ਨੂੰ ਬੋਲਦਿਆਂ ਸੁਣਕੇ, ਸਮਝਣ ਵਿਚ ਬੜੀ ਮੁਸ਼ਕਿਲ ਪੇਸ਼ ਆਉਂਦੀ ਹੈ। ਇੱਕ ਬੋਲੇ ਇਨਸਾਨ ਲਈ ਸੁਣਨ ਦਾ ਨੁਕਸ ਬਹੁਤ ਵੱਡਾ ਹੁੰਦਾ ਹੈ, ਜਿਸ ਦੇ ਲਈ ਉਹ ਭਾਸ਼ਾ ਅਤੇ ਸੰਚਾਰ ਨੂੰ ਸਮਝਣ ਲਈ ਆਪਣੀ ਨਜ਼ਰ ਤੇ ਨਿਰਭਰ ਕਰਦਾ ਹੈ, ਭਾਵੇਂ ਉਸਨੇ ਧੁਨੀ-ਵਿਸਤਾਰ ਦਾ ਪ੍ਰਬੰਧ ਹੀ ਕਿਉਂ ਨਾ ਕੀਤਾ ਹੋਵੇ।

ਜਿਸ ਵਿਅਕਤੀ ਨੂੰ ਘੱਟ ਸੁਣਦਾ ਹੋਵੇ, ਉਸਨੂੰ ਲੋੜੀਂਦੇ ਸੁਣਨ-ਸਹਾਈ ਯੰਤਰ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਘੱਟ ਸੁਣਨ ਵਾਲੇ ਬੱਚੇ ਆਮ ਤੌਰ ਤੇ ਸੁਣਨ-ਸਹਾਈ ਯੰਤਰ ਲਗਾਕੇ ਠੀਕ ਪ੍ਰਕਾਰ ਸੁਣਨ ਲਗ ਪੈਂਦੇ ਹਨ।

ਘੱਟ ਸੁਣਨ ਵਾਲੇ ਅਤੇ ਬੋਲੇ ਬੱਚੇ, ਦੋਵੇਂ ਹੀ ਸੁਣਨ ਦੇ ਵਿਗਾੜ ਵਾਲੀ ਸ਼੍ਰੇਣੀ ਵਿਚ ਸ਼ਾਮਿਲ ਹੁੰਦੇ ਹਨ। ਸਿੱਖਿਆ ਦੇ ਖੇਤਰ ਵਿਚ ਇਸ ਕਿਸਮ ਦੇ ਵਿਗਾੜ ਦਾ ਅਰਥ ਹੁੰਦਾ ਹੈ ਕਿ ਉਸ ਬੱਚੇ ਨੂੰ ਵਿਸ਼ੇਸ਼ ਸੇਵਾਵਾਂ ਦੀ ਲੋੜ ਹੈ। ਸੁਣਨ ਦੇ ਵਿਗਾੜ ਨੂੰ ਉਚਾਰਣ ਦੇ ਆਰੰਭ ਨਾਲ ਵੀ ਜੋੜਿਆ ਜਾ ਸਕਦਾ ਹੈ। ਇਸ ਸਬੰਧ ਵਿਚ ਇਹ ਦੇਖਣਾ ਜ਼ਰੂਰੀ ਹੁੰਦਾ ਹੈ ਕਿ ਸੁਣਨ ਦਾ ਨੁਕਸ ਜਮਾਂਦਰੂ ਹੈ ਜਾਂ ਕਿ ਬਾਅਦ ਵਿਚ ਹੋਇਆ ਹੈ।

**1.2.3.6 ਨਜ਼ਰ ਦਾ ਵਿਗਾੜ :-** ਜਿਨ੍ਹਾਂ ਬੱਚਿਆਂ ਦੀ ਨਜ਼ਰ ਵਿਚ ਕੋਈ ਸਮੱਸਿਆ ਹੁੰਦੀ ਹੈ, ਉਨ੍ਹਾਂ ਨੂੰ ਨਜ਼ਰ ਪੱਖੋਂ ਅਪੰਗ ਕਿਹਾ ਜਾਂਦਾ ਹੈ, ਕਿਉਂਕਿ ਇਹ ਉਨ੍ਹਾਂ ਦੇ ਵਿਗਾੜ ਜਾਂ ਨੁਕਸ ਉਪਰ ਨਿਰਭਰ ਕਰਦਾ ਹੈ ਕਿ ਉਹ ਕਿਸ ਪੱਧਰ ਤੇ ਹਨ। ਡਾਕਟਰੀ ਮਾਅਨਿਆਂ ਅਨੁਸਾਰ ਨਜ਼ਰ ਦੀ ਅਪੰਗਤਾ ਦਾ ਅਰਥ ਹੈ ਕਿ ਇੱਕ ਨਾਰਮਲ ਸੀਮਾ ਤੱਕ ਵੀ ਕੁਝ ਨਾ ਦਿਸਣਾ। ਸੈਨੱਲ ਦੇ ਚਾਰਟ ਅਨੁਸਾਰ ਨੇੜੇ ਦੀ ਨਜ਼ਰ ਵਿਚ ਸਪਸ਼ਟਤਾ ਹੋਣੀ ਚਾਹੀਦੀ ਹੈ ਅਤੇ ਦੂਰ ਦੀ ਨਜ਼ਰ ਵਿਚ ਅੰਸ਼ਿਕ ਦ੍ਰਿਸ਼ਟੀ ਹੋਣੀ ਚਾਹੀਦੀ ਹੈ । ਇਸ ਪ੍ਰਕਾਰ ਦੇ ਬੱਚਿਆਂ ਨੂੰ ਸਿੱਖਿਆ ਬਹੁ-ਸੰਵੇਦੀ ਆਧਾਰ ਤੇ ਦੇਣੀ ਲੋੜੀਂਦੀ ਹੁੰਦੀ ਹੈ, ਜਿਸ ਵਿਚ ਪਾਠਕ੍ਰਮ ਅਤੇ ਬ੍ਰੇਲ ਆਦਿ ਦਾ ਇਸਤੇਮਾਲ ਕੀਤਾ ਜਾਂਦਾ ਹੈ।

**1.2.3.7 ਸਰੀਰਕ ਅਤੇ ਸਿਹਤ ਪੱਖੋਂ ਵਿਗਾੜ:-** ਸਰੀਰਕ ਅਤੇ ਸਿਹਤ ਨਾਲ ਸਬੰਧਿਤ ਸੈਂਕੜੇ ਕਿਸਮ ਦੇ ਵਿਗਾੜ ਹਨ, ਜੋ ਕਿ ਬੱਚਿਆਂ ਦੀ ਸਿੱਖਿਆ ਸਬੰਧੀ ਕਾਰਗੁਜ਼ਾਰੀ ਨੂੰ ਬੜਾ ਪ੍ਰਭਾਵਿਤ ਕਰ ਸਕਦੇ ਹਨ। ਅਸੀਂ ਇੱਥੇ ਕੇਵਲ ਉਨ੍ਹਾਂ ਨੁਕਸਾਂ ਜਾਂ ਵਿਗਾੜਾਂ ਦਾ ਹੀ ਜ਼ਿਕਰ ਕਰਾਂਗੇ, ਜੋਕਿ ਬੱਚਿਆਂ ਵਿਚ ਆਮ ਪਾਏ ਜਾਂਦੇ ਹਨ। ਹੱਡੀਆਂ ਦੇ ਵਿਗਾੜ ਵਿਚ ਪਿੰਜਰ ਪ੍ਰਬੰਧ ਦੀਆਂ ਹੱਡੀਆਂ, ਜੋੜਾਂ ਦੀਆਂ ਹੱਡੀਆਂ, ਅੰਗਾਂ ਦੀਆਂ ਹੱਡੀਆਂ ਅਤੇ ਇਨ੍ਹਾਂ ਨਾਲ ਸਬੰਧਿਤ ਮਾਸ-ਪੇਸ਼ੀਆਂ ਦੀਆਂ ਹੱਡੀਆਂ ਸ਼ਾਮਿਲ ਹੁੰਦੀਆਂ ਹਨ। ਤੰਤੂ ਵਿਗਿਆਨਕ ਵਿਗਾੜ ਵਿਚ ਤੰਤੂ ਪ੍ਰਬੰਧ ਪ੍ਰਭਾਵਿਤ ਹੁੰਦਾ ਹੈ, ਜਿਸ ਨਾਲ ਤੁਰਨਾ-ਫਿਰਨਾ, ਇਸਤੇਮਾਲ ਕਰਨਾ, ਅਨੁਭਵ ਕਰਨਾ ਜਾਂ ਸਰੀਰ ਦੇ ਕੁਝ ਹਿੱਸਿਆਂ ਨੂੰ ਕੰਟਰੋਲ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਹੱਡੀਆਂ ਦਾ ਵਿਗਾੜ ਅਤੇ ਤੰਤੂ-ਵਿਗਿਆਨਕ ਵਿਗਾੜ ਵੱਖ-ਵੱਖ ਕਿਸਮ ਦੀ ਅਪੰਗਤਾ ਹੁੰਦੀ ਹੈ। ਲੇਕਿਨ ਇਨ੍ਹਾਂ ਦੇ ਵਿਗਾੜ ਨਾਲ, ਤੁਰਨ-ਫਿਰਨ ਆਦਿ ਦੀਆਂ ਸੀਮਾਵਾਂ ਇੱਕੋ ਜਿਹੀਆਂ ਹੁੰਦੀਆਂ ਹਨ।ਇਸ ਸਬੰਧ ਵਿਚ ਇਨ੍ਹਾਂ ਦੇ ਵਿਗਾੜ ਦੀ ਡਿਗਰੀ ਜਾਂ ਮਾਤਰਾ ਬਾਰੇ ਦੱਸਣਾ ਕਠਿਨ ਹੁੰਦਾ ਹੈ। ਬੱਚਿਆਂ ਵੱਲੋਂ ਚਲਣ ਫਿਰਨ ਵਾਲੇ ਕਾਰਜਾਂ ਵਿੱਚ ਆਉਂਦੀਆਂ ਮੁਸ਼ਕਿਲਾਂ , ਸਮੇਂ-ਸਮੇਂ ਵੱਧਦੀਆਂ-ਘਟਦੀਆਂ ਰਹਿੰਦੀਆਂ ਹਨ। ਇਹ ਉਨ੍ਹਾਂ ਦੀ ਪੁਜੀਸ਼ਨ, ਥਕਾਵਟ ਅਤੇ ਅੰਤਰ-ਧਿਆਨ ਹੋਣ ਉੱਤੇ ਨਿਰਭਰ ਕਰਦਾ ਹੈ। ਬੱਚਿਆਂ ਵਿਚ

ਸਰੀਰਕ ਅਤੇ ਸਿਹਤ ਪੱਖੋਂ ਵਿਗਾੜ ਵਿਚ ਵੱਡਾ ਅੰਤਰ ਹੁੰਦਾ ਹੈ, ਉਸੇ ਅਨੁਸਾਰ ਉਨ੍ਹਾਂ ਦੇ ਕਾਰਜ ਨੂੰ ਘੱਟ, ਦਰਮਿਆਨਾ ਅਤੇ ਬਹੁਤ ਜ਼ਿਆਦਾ ਕਹਿਕੇ ਦਰਸਾਇਆ ਜਾਂਦਾ ਹੈ।

**1.2.3.8 ਬਹੁਤ ਜ਼ਿਆਦਾ ਅਪੰਗਤਾ :-** ਜਿਨ੍ਹਾਂ ਵਿਦਿਆਰਥੀਆਂ ਵਿਚ ਬਹੁਤ ਜ਼ਿਆਦਾ ਅਪੰਗਤਾ ਹੁੰਦੀ ਹੈ, ਉਨ੍ਹਾਂ ਵਿਚ ਬੌਧਿਕ ਕਾਰਜ ਕਰਨ ਦੀ ਵੀ ਬਹੁਤ ਘਾਟ ਹੁੰਦੀ ਹੈ। ਉਨ੍ਹਾਂ ਲਈ ਵਿਸ਼ੇਸ਼ ਸੇਵਾਵਾਂ ਦੀ ਲੋੜ ਹੁੰਦੀ ਹੈ ਕਿਉਂਕਿ ਉਨ੍ਹਾਂ ਨੂੰ ਚਲਣ-ਫਿਰਨ ਵਿਚ ਮੁਸ਼ਕਿਲ ਹੁੰਦੀ ਹੈ। ਉਨ੍ਹਾਂ ਅੰਦਰ ਗੱਲਬਾਤ ਕਰਨ, ਦੇਖਣ ਅਤੇ ਸੁਣਨ ਸਬੰਧੀ ਵਿਗਾੜ ਜਾਂ ਨੁਕਸ ਹੁੰਦਾ ਹੈ। ਬਹੁਤ ਸਾਰੇ ਵਿਦਿਆਰਥੀਆਂ ਵਿਚ ਮੈਡੀਕਲ ਅਤੇ ਸਰੀਰਕ ਸਮੱਸਿਆਵਾਂ ਹੁੰਦੀਆਂ ਹਨ, ਜਿਨ੍ਹਾਂ ਦਾ ਨਿਰੰਤਰ ਧਿਆਨ ਰੱਖਣਾ ਪੈਂਦਾ ਹੈ। ਬਹੁਤ ਜ਼ਿਆਦਾ ਅਪੰਗਤਾ ਵਾਲੇ ਵਿਦਿਆਰਥੀਆਂ ਨੂੰ ਕਈ ਵਾਰ ਮੰਦ-ਬੁੱਧੀ , ਆਤਮਲੀਨਤਾ, ਸਰੀਰਕ/ਸੰਵੇਦੀ ਕਿਸਮ ਦੇ ਵਿਦਿਆਰਥੀਆਂ ਨਾਲ ਰਲਗੱਡ ਕਰ ਦਿੱਤਾ ਜਾਂਦਾ ਹੈ। ਇਹ ਸ਼ਬਦ ਆਮ ਤੌਰ ਤੇ ਉਨ੍ਹਾਂ ਵਿਦਿਆਰਥੀਆਂ ਲਈ ਨਹੀਂ ਵਰਤਿਆ ਜਾਂਦਾ, ਜਿਹੜੇ ਸਰੀਰਕ ਜਾਂ ਸੰਵੇਦੀ ਵਿਗਾੜ ਤੋਂ ਪ੍ਰਭਾਵਿਤ ਹੁੰਦੇ ਹਨ ਅਤੇ ਮੰਦ-ਬੁੱਧੀ ਵਾਲੇ ਨਹੀਂ ਹੁੰਦੇ। ਬਹੁਤ ਸਾਰੇ ਵਿਦਿਆਰਥੀ, ਜਿਹੜੇ ਗੰਭੀਰ ਕਿਸਮ ਦੇ ਅਪੰਗ ਹੁੰਦੇ ਹਨ, ਉਨ੍ਹਾਂ ਵਿੱਚ ਇੱਕ ਤੋਂ ਵਧੇਰੇ ਅਪੰਗਤਾ ਜਾਂ ਵਿਕਲਾਂਗਤਾ ਪਾਈ ਜਾਂਦੀ ਹੈ। ਕਈ ਵਾਰ ਵਧੀਆ ਤੋਂ ਵਧੀਆ ਜਾਂਚ ਦੇ ਢੰਗਾਂ-ਤਰੀਕਿਆਂ ਨਾਲ ਵੀ ਕਿਸੇ ਬੱਚੇ ਅੰਦਰਲੀ ਵਿਭਿੰਨ ਪ੍ਰਕਾਰ ਦੀ ਅਪੰਗਤਾ ਸਬੰਧੀ ਕਿਸਮ ਅਤੇ ਮਾਤਰਾ ਦਾ ਨਹੀਂ ਪਤਾ ਚਲਦਾ। ਇਸਦੇ ਨਾਲ ਇਹ ਵੀ ਨਹੀਂ ਪਤਾ ਚਲਦਾ ਕਿ ਵਿਭਿੰਨ ਪ੍ਰਕਾਰ ਦੀ ਅਪੰਗਤਾ, ਉਸਦੇ ਵਿਵਹਾਰ ਤੇ ਕੀ ਪ੍ਰਭਾਵ ਪਾਉਂਦੀ ਹੈ।

**1.2.3.9 ਗੁਣਵਾਨ ਅਤੇ ਪ੍ਰਤਿਭਾਵਾਨ ਵਿਦਿਆਰਥੀ :-** ਗੁਣਵਾਨ ਜਾਂ ਪ੍ਰਤਿਭਾਵਾਨ ਵਿਅਕਤੀ ਵਿੱਚ ਮਨੁੱਖੀ ਵਿਲੱਖਣਤਾ ਦੇ ਤਿੰਨ ਮੁੱਢਲੇ ਤੱਤਾਂ ਦਾ ਸਮੂਹ ਹੁੰਦਾ ਹੈ, ਇਹ ਵਿਲੱਖਣਤਾਵਾਂ ਇਸ ਪ੍ਰਕਾਰ ਹਨ: ਆਮ ਵਿਅਕਤੀ ਦੀਆਂ ਯੋਗਤਾਵਾਂ ਤੋਂ ਉਪਰ ਦੀ ਯੋਗਤਾ, ਕੰਮ ਸਬੰਧੀ ਉੱਚ ਪ੍ਰਕਾਰ ਦੀ ਪ੍ਰਤਿਬੱਧਤਾ ਅਤੇ ਲਗਨ ਅਤੇ ਉੱਚ ਦਰਜੇ ਦੀ ਰਚਨਾਤਮਕਤਾ। ਪ੍ਰਤਿਭਾਵਾਨ ਬੱਚੇ ਉਹ ਹੁੰਦੇ ਹਨ, ਜਿਹੜੇ ਇਨ੍ਹਾਂ ਵਿਸ਼ੇਸ਼ਤਾਵਾਂ ਨੂੰ ਕਿਸੇ ਸੰਭਾਵੀ ਮੁੱਲਵਾਨ ਕਾਰਜ ਲਈ ਇਸਤੇਮਾਲ ਕਰਦੇ ਹਨ। ਜਿਨ੍ਹਾਂ ਬੱਚਿਆਂ ਵਿੱਚ ਇਹ ਤਿੰਨੇ ਵਿਸ਼ੇਸ਼ਤਾਵਾਂ ਹੋਣ, ਉਨ੍ਹਾਂ ਨੂੰ ਵਿਸਤ੍ਰਿਤ ਵਿਸ਼ੇਸ਼ ਕਿਸਮ ਦੇ ਸਿੱਖਿਆ ਸਬੰਧੀ ਮੌਕੇ ਅਤੇ ਸੇਵਾਵਾਂ ਪ੍ਰਦਾਨ ਕਰਨੀਆਂ ਲੋੜੀਂਦੀਆਂ ਹੁੰਦੀਆਂ ਹਨ, ਕਿਉਂਕਿ ਇਹ ਵਿਸ਼ੇਸ਼ ਕਿਸਮ ਦੇ ਮੌਕੇ ਅਤੇ ਸੇਵਾਵਾਂ ਸਾਧਾਰਣ ਨਿਯਮਿਤ ਪ੍ਰੋਗਰਾਮਾਂ ਵਿੱਚ ਪ੍ਰਦਾਨ ਨਹੀਂ ਹੋ ਸਕਦੇ।

**1.2.3.10 ਵੰਚਿਤ ਜਾਂ ਵਾਂਝੇ ਬੱਚੇ :-** ਵੰਚਿਤ ਜਾਂ ਸਮਾਜਿਕ ਤੌਰ ਤੇ ਵਾਂਝੇ ਬੱਚੇ, ਉਹ ਬੱਚੇ ਹੁੰਦੇ ਹਨ, ਜੋ ਕਿ ਆਰਥਿਕ, ਸਿੱਖਿਅਕ, ਭਾਸ਼ਾਈ ਜਾਂ ਸਮਾਜਿਕ ਰੂਪ ਵਿਚ ਵਾਂਝੇ ਹੁੰਦੇ ਹਨ। ਅਜਿਹੇ ਬੱਚੇ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਤੋਂ ਵੰਚਿਤ ਹੁੰਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਮੁੱਢਲੇ ਅਧਿਕਾਰਾਂ ਤੋਂ ਵੀ ਵਾਂਝਿਆ ਰੱਖਿਆ ਜਾਂਦਾ ਹੈ। ਆਮ ਤੌਰ ਤੇ ਇਹੋ ਜਿਹੇ ਬੱਚੇ ਬੇਜਾਨ, ਨੀਰਸ, ਜਗਿਆਸਾਹੀਣ ਅਤੇ ਲਿਆਕਤ ਦਾ ਦੰਭ ਭਰਨ ਵਾਲੇ ਹੁੰਦੇ ਹਨ। ਉਨ੍ਹਾਂ ਅੰਦਰ ਕਿਸੇ ਚੀਜ਼ ਵਿਚ ਸ਼ੋਕ , ਲਗਨ, ਭਰੋਸਾ ਅਤੇ ਕਾਬਲੀਅਤ ਨਹੀਂ ਹੁੰਦੀ ਅਤੇ ਨਾ ਹੀ ਉਹ ਆਪਣੇ ਆਪ ਨੂੰ ਸਹੀ ਤਰ੍ਹਾਂ ਵਿਅਕਤ ਕਰ ਸਕਦੇ ਹਨ। ਇਹ ਇਸ ਕਰਕੇ ਹੁੰਦਾ ਹੈ ਕਿ ਉਹਨਾਂ ਦੇ ਸਮਾਜਿਕ ਹਾਲਾਤ, ਆਰਥਿਕ ਹਾਲਾਤ ਅਤੇ ਦਬਾਅ, ਮਾੜਾ-ਵਿਦਿਅਕ ਪਿਛੋਕੜ, ਭਾਸ਼ਾ ਅਤੇ ਸਭਿਆਚਾਰ ਦੀ ਸਮੱਸਿਆ ਆੜੇ ਆ ਖਲੋਂਦੀ ਹੈ। ਇਸ ਵਿਚ ਉਨ੍ਹਾਂ ਦਾ ਆਪਣਾ ਕੋਈ ਕਸੂਰ ਨਹੀਂ ਹੁੰਦਾ, ਇਸ ਕਰਕੇ ਉਨ੍ਹਾਂ ਵੱਲ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

**1.2.3.11 ਕੁਜੋੜ ਜਾਂ ਕੁਮੇਲ ਬੱਚੇ :-** ਅਜਿਹੇ ਬੱਚਿਆਂ ਨੂੰ ਆਮ ਤੌਰ ਤੇ ਸ਼ੁਦਾਈ ਆਖਿਆ ਜਾਂਦਾ ਹੈ, ਕਿਉਂਕਿ ਉਹ ਜੀਵਨ ਦੇ ਨੈਤਿਕ ਪੱਧਰ ਅਤੇ ਮਾਪਦੰਡਾਂ ਅਨੁਸਾਰ ਮੇਲ ਨਹੀਂ ਖਾਂਦੇ ਅਤੇ ਇਸ ਪੱਖੋਂ ਉਹ ਅਸੰਗਤ ਹੁੰਦੇ ਹਨ। ਇਹ ਉਨ੍ਹਾਂ ਦੇ ਕੁਜੋੜ, ਕੁਮੇਲ ਜਾਂ ਮਨੋਵਿਗਿਆਨਕ ਵਿਗਾੜ ਕਾਰਨ ਹੁੰਦਾ ਹੈ।

ਅਜਿਹੇ ਬੱਚਿਆਂ ਵਿੱਚ ਆਗਿਆਪਾਲਣ ਦੀ ਕਮੀ ਹੁੰਦੀ ਹੈ। ਅਜੋਕੇ ਸਮੇਂ ਵਿਚ ਉਨ੍ਹਾਂ ਦਾ ਮੁੱਖ ਰੋਲ ਡਾਵਾਂ-ਡੋਲ ਹੈ ਅਤੇ ਇਨ੍ਹਾਂ ਦੇ ਮਨੋਵਿਗਿਆਨਕ ਵਿਗਾੜ ਜਾਂ ਨੁਕਸ ਨੂੰ ਦੂਰ ਕਰਨ ਜਾਂ ਉਸ ਦਾ ਕੋਈ ਇੰਤਜ਼ਾਮ ਕਰਨ ਦੀ ਸਖ਼ਤ ਲੋੜ ਹੈ।

**1.2.3.12 ਵਿਗੜੇ ਹੋਏ ਨੌਜਵਾਨ :-** ਇਹ ਇੱਕ ਕਾਨੂੰਨੀ ਸ਼ਬਦ ਹੈ, ਜਿਸਦਾ ਅਰਥ ਹੈ ਨੌਜਵਾਨਾਂ ਵੱਲੋਂ ਕੀਤੇ ਜਾਂਦੇ ਵੱਖ-ਵੱਖ ਡਿਗਰੀ ਵਾਲੇ ਕਾਰਜ, ਜਿਸ ਵਿਚ ਸਾਧਾਰਣ ਸ਼ਰਾਰਤਪੁਣੇ ਤੋਂ ਲੈ ਕੇ ਕਿਸੇ ਤੇ ਗਹਿਰਾ ਵਾਰ ਕਰਨ ਤੱਕ ਸ਼ਾਮਿਲ ਹਨ, ਜੋ ਕਿ ਕਾਨੂੰਨ ਅਨੁਸਾਰ ਸਜ਼ਾਯਾਫਤਾ ਮੰਨੇ ਜਾਂਦੇ ਹਨ। ਇੱਕ ਬੱਚੇ ਨੂੰ ਉਦੋਂ ਵਿਗੜਿਆ ਹੋਇਆ ਮੰਨਿਆ ਜਾਂਦਾ ਹੈ, ਜਦੋਂ ਉਹ ਗੰਭੀਰ ਕਿਸਮ ਦੇ ਗੈਰ-ਸਮਾਜਿਕ ਕਾਰਜ ਕਰ ਲਗ ਜਾਂਦਾ ਹੈ ਅਤੇ ਉਸ ਉੱਤੇ ਕੋਈ ਕਾਨੂੰਨ ਕਾਰਵਾਈ ਲਾਗੂ ਹੋ ਜਾਂਦੀ ਹੈ। ਮਨੋਵਿਗਿਆਨੀ ਆਖਦੇ ਹਨ ਕਿ ਵਿਗੜਿਆ ਹੋਇਆ ਬੱਚਾ ਉਹ ਹੁੰਦਾ ਹੈ, ਜਿਸ ਦਾ ਸਮਾਜ ਪ੍ਰਤੀ ਰੁਝਾਨ ਅਜਿਹਾ ਹੋ ਜਾਵੇ ਕਿ ਉਹ ਕਾਨੂੰਨ ਨੂੰ ਵੀ ਤੋੜਨ ਲਗ ਪਵੇ। ਇਸ ਪ੍ਰਕਾਰ ਦੇ ਬੱਚੇ ਆਪਣੀ ਬੇਚੈਨੀ ਕਾਰਣ ਆਪਣਾ ਗੁੱਸਾ ਤੇ ਲੜਾਕਾਪਣ ਜ਼ਾਹਿਰ ਕਰਦੇ ਹਨ। ਆਮ ਤੌਰ ਤੇ ਉਨ੍ਹਾਂ ਦੀਆਂ ਲੋੜਾਂ ਦੀ ਪੂਰਤੀ ਨਹੀਂ ਹੋਈ ਹੁੰਦੀ। ਉਹ ਆਪਣੀ ਇਸ ਬੇਚੈਨੀ ਤੇ ਗੁੱਸੇ ਨੂੰ ਗੁਭਾਰ ਵਾਂਗ ਬਾਹਰ ਕੱਢਦੇ ਹਨ। ਇਨ੍ਹਾਂ ਬੱਚਿਆਂ ਵੱਲ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਤਾਂ ਕਿ ਉਹ ਆਪਣੇ ਇਸ ਪ੍ਰਕਾਰ ਦੇ ਵਿਵਹਾਰ ਤੋਂ ਛੁਟਕਾਰਾ ਪਾ ਸਕਣ।

**1.2.3.13 ਭਾਵਾਤਮਕ ਤੌਰ ਤੇ ਵਿਗਾੜ ਵਾਲੇ ਬੱਚੇ :-** ਇਸ ਪ੍ਰਕਾਰ ਦੇ ਬੱਚੇ ਜ਼ਿੰਦਗੀ ਪ੍ਰਤੀ ਉਦਾਸੀਨ ਹੋ ਜਾਂਦੇ ਹਨ, ਜਦੋਂ ਉਹਨਾਂ ਨੂੰ ਮਨਚਿੰਦਿਆ ਫਲ ਪ੍ਰਾਪਤ ਨਹੀਂ ਹੁੰਦਾ। ਉਹ ਆਪਣੇ ਸੰਗੀਆਂ-ਸਾਥੀਆਂ ਪ੍ਰਤੀ ਵੀ ਨਿਰਾਸ਼ ਹੋ ਜਾਂਦੇ ਹਨ। ਉਹ ਆਪਣੀਆਂ ਭਾਵਨਾਵਾਂ ਨੂੰ ਕਾਬੂ ਵਿਚ ਨਹੀਂ ਰੱਖ ਪਾਂਦੇ। ਉਨ੍ਹਾਂ ਦੀਆਂ ਭਾਵਨਾਵਾਂ ਇੰਨੀਆਂ ਪ੍ਰਬਲ ਹੁੰਦੀਆਂ ਹਨ ਕਿ ਉਨ੍ਹਾਂ ਤੇ ਕੰਟਰੋਲ ਨਹੀਂ ਕਰ ਸਕਦੇ। ਫਲਸਰੂਪ ਉਹ ਬੇਚੈਨ ਬੇਤਾਬ ਰਹਿਣ ਕਾਰਨ ਕੁਝ ਯਾਦ ਨਹੀਂ ਕਰ ਪਾਂਦੇ, ਦੂਜਿਆਂ ਨਾਲ ਪਰਸਪਰ ਸਬੰਧ ਨਹੀਂ ਬਣਾ ਪਾਂਦੇ, ਸਾਧਾਰਣ ਹਾਲਾਤਾਂ ਵਿਚ ਵੀ ਉਹ ਗੈਰ-ਉਚਿਤ ਵਿਵਹਾਰ ਦਾ ਪ੍ਰਗਟਾਵਾ ਕਰਦੇ ਹਨ, ਉਨ੍ਹਾਂ ਦੇ ਚਿਹਰੇ ਤੇ ਹਰ ਵੇਲੇ ਬੇਚੈਨੀ ਅਤੇ ਉਦਾਸੀ ਛਾਈ ਰਹਿੰਦੀ ਹੈ। ਇਸ ਕਰਕੇ ਉਨ੍ਹਾਂ ਦੇ ਅਸਾਧਾਰਣ ਸੁਭਾਅ ਕਾਰਣ, ਉਨ੍ਹਾਂ ਦੀ ਸਿੱਖਿਆ ਲਈ ਵਿਸ਼ੇਸ਼ ਅਧਿਆਪਕ ਜਾਂ ਪ੍ਰੋਗਰਾਮਰ ਲੋੜੀਂਦੇ ਹਨ।

## 1.2.4 ਤਜਵੀਜ਼ਤ ਪ੍ਰਸ਼ਨ

1. ਮੰਦ-ਬੁੱਧੀ ਸ਼ਬਦ ਦੀ ਵਿਆਖਿਆ ਕਰੋ।
2. ਹੋਣਹਾਰ ਅਤੇ ਪ੍ਰਤਿਭਾਵਾਨ ਵਿਦਿਆਰਥੀਆਂ ਨੂੰ ਪਰਿਭਾਸ਼ਿਤ ਕਰੋ।
3. ਸਿੱਖਿਆ ਪ੍ਰਾਪਤ ਕਰਨ ਵਾਲੇ ਅਪੰਗ ਬੱਚਿਆਂ ਦੀਆਂ ਕਿਹੜੀਆਂ-ਕਿਹੜੀਆਂ ਵਿਸ਼ੇਸ਼ਤਾਈਆਂ ਹਨ?
4. ਨਿਮਨ ਸਬੰਧੀ ਸੰਖੇਪ ਨੋਟ ਲਿਖੋ:
   - ੳ. ਸੰਚਾਰ ਸਬੰਧੀ ਵਿਗਾੜ ਜਾਂ ਨੁਕਸ
   - ਅ. ਸੁਣਨ ਸਬੰਧੀ ਵਿਗਾੜ ਜਾਂ ਨੁਕਸ
   - ੲ. ਦ੍ਰਿਸ਼ਟੀ ਸਬੰਧੀ ਵਿਗਾੜ ਜਾਂ ਨੁਕਸ

## 1.2.5 ਤਜਵੀਜ਼ਤ ਪੁਸਤਕਾਂ ਅਤੇ ਵੈੱਬ ਸ੍ਰੋਤ

1 Heward, William L. and Orlansky, Michael D. (1992). Exceptional children. Fourth Edition. New York : Macmillan Publishing Company.

2 Gearheart, Bill R., Weishahn, Mel W. and Gearheart, Carol J. (1992). The Exceptional student in the regular classroom. Fifth Edition. New York: Macmillan Publishing Company.

3 Kotwal, Parijit. (2008). Special Education. Delhi : Authors press Jawahar Park Laxmi Nagar

4 Kaur, Rajpal. (2005) Special Education. Delhi : Deep and Deep Publications.

5 **www.slidesshare.net/..../exceptional-children-psychology-priyanka**

6 **nimhindia.gov.in/exceptional%20children.pdf**

7 **www.education.com>Learning and Your child>Learning Disabilities**

**ਪਾਠ ਨੰ: 1.3**

# ਵਿਸ਼ੇਸ਼ ਸਿੱਖਿਆ ਵਿਚਲੇ ਝੁਕਾਅ

**ਪਾਠ ਬਣਤਰ**

1.3.1 ਉਦੇਸ਼

1.3.2 ਭੂਮਿਕਾ

1.3.3 ਝੁਕਾਅ

1.3.3.1 ਮੁੱਖ ਧਾਰਾ

1.3.3.2 ਭਾਈਚਾਰਕ ਆਧਾਰਿਤ ਸੁਧਾਰ

1.3.3.3 ਵਿਸ਼ੇਸ਼ ਸਿੱਖਿਆ ਪ੍ਰੋਗਰਾਮ

1.3.3.4 ਸ਼ਮੂਲੀਅਤ

1.3.3.5 ਅਲਹਿਦਗੀ

1.3.4 ਤਜਵੀਜ਼ਤ ਪ੍ਰਸ਼ਨ

1.3.5 ਤਜਵੀਜ਼ਤ ਪੁਸਤਕਾਂ ਅਤੇ ਵੈੱਬ ਸ੍ਰੋਤ

## 1.3.1 ਉਦੇਸ਼

ਇਹ ਪਾਠ ਪੜ੍ਹਨ ਉਪਰੰਤ ਵਿਦਿਆਰਥੀਆਂ ਨੂੰ ਇਨ੍ਹਾਂ ਗੱਲਾਂ ਦੀ ਸਮਝ ਆ ਜਾਵੇਗੀ:-

1. ਵਿਸ਼ੇਸ਼ ਸਿੱਖਿਆ ਵਿਚਲੇ ਝੁਕਾਵਾਂ/ਰੁਝਾਨਾਂ ਬਾਰੇ।
2. ਮੁੱਖ ਧਾਰਾ ਦੇ ਸੰਕਲਪ ਸਬੰਧੀ ।
3. ਵਿਸ਼ੇਸ਼ ਸਿੱਖਿਆ ਵਿਚ ਝੁਕਾਅ ਦੀ ਸ਼ਮੂਲੀਅਤ ਬਾਰੇ।
4. ਡੀਇੰਸਟੀਚਿਊਸ਼ਨਲਾਈਜ਼ੇਸ਼ਨ ਅਤੇ ਭਾਈਚਾਰਕ - ਆਧਾਰਿਤ ਸੁਧਾਰ ਵਿਚਲੇ ਅੰਤਰ ਬਾਰੇ।

**1.3.2 ਭੂਮਿਕਾ :-** ਕਈ ਸਾਲਾਂ ਤੱਕ ਵਿਸ਼ੇਸ਼ ਸਿੱਖਿਆ ਦੇ ਖੇਤਰ ਦੀ ਕੋਈ ਹੋਂਦ ਨਹੀਂ ਸੀ। ਨਿਰਸੰਦੇਹ, ਅਸਾਧਾਰਣ ਬੱਚੇ ਉਦੋਂ ਵੀ ਹੁੰਦੇ ਸਨ, ਜਿਨ੍ਹਾਂ ਵਿੱਚ ਅਪੰਗ ਬੱਚੇ ਅਤੇ ਪ੍ਰਤਿਭਾਵਾਨ ਜਾਂ ਗੁਣਵਾਨ ਬੱਚੇ ਸ਼ਾਮਿਲ ਹੁੰਦੇ ਸਨ। ਲੇਕਿਨ ਉਨ੍ਹਾਂ ਦੀਆਂ ਵਿਸ਼ੇਸ਼ ਲੋੜਾਂ ਵੱਲ ਬਿਲਕੁਲ ਧਿਆਨ ਨਹੀਂ ਦਿੱਤਾ ਜਾਂਦਾ ਸੀ। ਅਸਾਧਾਰਣ ਬੱਚਿਆਂ ਨੂੰ ਨਿਯਮਿਤ ਸਕੂਲਾਂ ਅਤੇ ਕਲਾਸਾਂ ਵਿਚ ਦਾਖਲ ਕਰਨ ਦੀ ਪ੍ਰਕਿਰਿਆ ਬਿਲਕੁਲ ਨਵੀਨ ਵਰਤਾਰਾ ਹੈ। ਅਸਾਧਾਰਣ ਬੱਚਿਆਂ ਦੀ ਵਿਸ਼ੇਸ਼ ਸਿੱਖਿਆ ਲਈ ਕਾਫੀ ਤਬਦੀਲੀਆਂ ਆਈਆਂ ਹਨ, ਇਹ ਤਬਦੀਲੀਆਂ ਵਿਸ਼ੇਸ਼ ਅਧਿਆਪਕਾਂ ਲਈ ਨਿਯਮਿਤ ਅਧਿਆਪਕਾਂ ਲਈ, ਮਾਪਿਆਂ ਲਈ ਅਤੇ ਹੋਰ ਕਈਆਂ ਲਈ ਹਨ।

ਵਿਦਿਆਰਥੀਆਂ ਲਈ ਵਿਸ਼ੇਸ਼ ਅਧਿਆਪਕ, ਮਾਪੇ, ਵਿਸ਼ੇਸ਼ ਵਿਅਕਤੀ, ਵਿਧਾਨਕਾਰ ਅਤੇ ਵਕੀਲ ਸਾਂਝੇ ਰੂਪ ਵਿਚ ਯਤਨ ਕਰਦੇ ਰਹੇ ਹਨ, ਜਿਸਦੇ ਫਲਸਰੂਪ ਨਿਰੰਤਰ ਸੁਧਾਰ ਆਉਂਦਾ ਗਿਆ। ਇਸ ਵਿਚ ਵਿਸ਼ੇਸ਼ ਸਿੱਖਿਆ ਦੀ ਕਾਰਜ-ਵਿਧੀ , ਸਿਲੇਬਸ ਅਤੇ ਤਕਨਾਲੋਜੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਜ਼ੋਰ ਦਿੱਤਾ ਗਿਆ। ਅਸਾਧਾਰਣ ਬੱਚਿਆਂ ਲਈ ਵਿਸ਼ੇਸ਼ ਸਿੱਖਿਆ ਗ੍ਰਹਿਣ ਕਰਨਾ ਉਨ੍ਹਾਂ ਦਾ ਅਧਿਕਾਰ ਬਣ ਗਿਆ ਅਤੇ ਇਸ ਸਬੰਧੀ ਹੋਰ ਪ੍ਰਗਤੀ ਹੁੰਦੀ ਗਈ ਕਿ ਜਿਹੜੇ ਵਿਦਿਆਰਥੀ ਵੀ ਇਹ ਸਿੱਖਿਆ ਪ੍ਰਾਪਤ ਕਰਨਾ ਚਾਹੁੰਦੇ ਹੋਣ ਤਾਂ ਉਨ੍ਹਾਂ ਦਾ ਇਹ ਮੁੱਢਲਾ ਅਧਿਕਾਰ ਸਮਝ ਕੇ ਇਸਨੂੰ ਸੁਨਿਸਚਿੱਤ ਕੀਤਾ ਜਾਵੇ। (ਵੇਨਟਰੌਬ, 1986)

**1.3.3 ਝੁਕਾਅ :-**

**1.3.3.1 ਮੁੱਖ ਧਾਰਾ :-** ਮੁੱਖ ਧਾਰਾ ਸ਼ਬਦ ਨੂੰ ਅਕਸਰ ਅਸਾਧਾਰਣ ਬੱਚਿਆਂ ਦਾ ਨਿਯਮਿਤ ਸਕੂਲਾਂ ਅਤੇ ਕਲਾਸਾਂ ਵਿੱਚ ਸ਼ਾਮਿਲ ਕਰਨ ਦੇ ਅਰਥਾਂ ਸਬੰਧੀ ਲਿਆ ਜਾਂਦਾ ਹੈ। ਇਸ ਸਬੰਧੀ ਕਾਫੀ ਵਿਚਾਰ-ਚਰਚਾ ਹੋ ਚੁੱਕੀ ਹੈ ਕਿ ਕੀ ਸਾਰੇ ਅਪੰਗ ਬੱਚਿਆਂ ਨੂੰ ਨਿਯਮਿਤ ਸਕੂਲਾਂ ਜਾਂ ਕਲਾਸਾਂ ਵਿਚ ਦਾਖਲ ਕਰਨਾ ਜ਼ਰੂਰੀ ਹੈ, ਜਿਸਨੂੰ ਕਿ ਪਬਲਿਕ ਸਕੂਲ ਪ੍ਰਬੰਧ ਦੀ ਮੁੱਖ ਧਾਰਾ ਮੰਨਿਆ ਜਾਂਦਾ ਹੈ। ਕੁਝ ਲੋਕਾਂ ਦਾ ਵਿਚਾਰ ਹੈ ਕਿ ਸਾਰੇ ਅਸਾਧਾਰਣ ਬੱਚਿਆਂ ਨੂੰ ਨਿਯਮਿਤ ਕਲਾਸਾਂ ਵਿਚ ਹੀ ਦਾਖਲ ਕਰਨਾ ਚਾਹੀਦਾ ਹੈ, ਐਪਰ ਉਨ੍ਹਾਂ ਨੂੰ ਕੋਈ ਵਾਧੂ ਸੇਵਾਵਾਂ ਨਹੀਂ ਪ੍ਰਦਾਨ ਕਰਨੀਆਂ ਚਾਹੀਦੀਆਂ। ਜਦੋ ਕਿ ਕੁਝ ਹੋਰ ਲੋਕਾਂ ਦਾ ਵਿਚਾਰ ਹੈ ਕਿ ਇਸ ਮੁੱਖ ਧਾਰਾ ਵਿਚ ਅਸਾਧਾਰਣ ਬੱਚੇ ਬਿਲਕੁਲ ਵੱਖ ਜਾਂ ਅੱਡ ਹੋ ਕੇ ਰਹਿ ਜਾਣਗੇ। ਕਿਉਂਕਿ ਲੰਚ-ਟਾਈਮ ਅਤੇ ਖੇਡ ਦੇ ਮੈਦਾਨ ਵਿਚ ਉਹ ਦੂਜੇ ਬੱਚਿਆਂ ਨਾਲ ਕੋਈ ਤਾਲਮੇਲ ਨਹੀਂ ਰੱਖ ਪਾਣਗੇ। ਬਹੁਤੇ ਮਾਪਿਆਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਉਨਾਂ ਦੇ ਬੱਚਿਆਂ ਨੂੰ ਰੈਗੂਲਰ ਕਲਾਸਾਂ ਵਿੱਚ ਹੀ ਬਿਠਾਇਆ ਜਾਵੇ, ਜਦੋਂ ਕਿ ਕੁਝ ਹੋਰ ਮਾਪਿਆਂ ਨੇ ਇਸ ਗੱਲ ਤੇ ਸਖ਼ਤ ਇਤਰਾਜ਼ ਕੀਤਾ ਹੈ ਕਿ ਉਨ੍ਹਾਂ ਦੇ ਬੱਚਿਆਂ ਵੱਲ ਵਿਅਕਤੀਗਤ ਰੂਪ ਵਿਚ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ, ਜਿਨ੍ਹਾਂ ਦੀ ਉਨ੍ਹਾਂ ਨੂੰ ਵਧੇਰੇ ਲੋੜ ਹੁੰਦੀ ਹੈ।

ਕਾਨੂੰਨ ਇਹੀ ਕਹਿੰਦਾ ਹੈ ਕਿ ਅਪੰਗ ਬੱਚਿਆਂ ਨੂੰ ਸਿੱਖਿਆ ਦੇ ਮਾਮਲੇ ਵਿਚ ਪ੍ਰਤਿਬੰਧਕ ਨਹੀਂ ਬਨਾਉਣਾ ਚਾਹੀਦਾ ਅਤੇ ਨਾ ਹੀ ਨਿਯਮਿਤ ਸਕੂਲਾਂ ਦੇ ਪ੍ਰੋਗਰਾਮਾਂ ਤੋਂ ਅੱਡ ਕਰਨਾ ਚਾਹੀਦਾ ਹੈ। **ਟਰਨਬੁੱਲ ਅਤੇ**

**ਟਰਨਬੁੱਲ (1986)** ਅਨੁਸਾਰ ਅਜਿਹੇ ਮਾਹੌਲ ਵਿਚ ਅੰਗਹੀਣ ਬੱਚਿਆਂ ਅਤੇ ਸਾਧਾਰਣ ਬੱਚਿਆਂ ਵਿਚਲਾ ਭੇਦਭਾਵ ਜਾਂ ਵੱਖਰੇਵਾਂ ਘੱਟ ਜਾਏਗਾ। ਹੇਰਨ ਅਤੇ ਸਕਿੰਨਰ (1981) ਅਨੁਸਾਰ ਅਜਿਹੇ ਮਾਹੌਲ ਵਿੱਚ ਨਿਯਮਿਤ ਅਧਿਆਪਕ, ਸਾਰੇ ਵਿਦਿਆਰਥੀਆਂ ਨਾਲ ਖੁੱਲ੍ਹ ਕੇ ਗੱਲਬਾਤ ਕਰ ਸਕੇਗਾ ਅਤੇ ਸਾਧਾਰਣ ਵਿਦਿਆਰਥੀਆਂ ਅਤੇ ਅਪੰਗ ਵਿਦਿਆਰਥੀਆਂ ਦੇ ਸਬੰਧਾਂ ਨੂੰ ਪਕੇਰਾ ਕਰੇਗਾ।

ਗਰੇਸ਼ਮ (1982) ਦਾ ਵਿਚਾਰ ਹੈ ਕਿ ਕਿਸੇ ਅਪੰਗ ਬੱਚੇ ਨੂੰ ਨਿਯਮਿਤ ਕਲਾਸ ਵਿਚ ਕੇਵਲ ਬਿਠਾਉਣ ਨਾਲ ਹੀ ਉਹ ਚੰਗੀ ਤਰ੍ਹਾਂ ਵਿਹਾਰ ਨਹੀਂ ਕਰਨ ਲੱਗ ਪਏਗਾ ਜਾਂ ਉਸਨੂੰ ਦੂਸਰੇ ਸਾਧਾਰਣ ਬੱਚੇ ਆਸਾਨੀ ਨਾਲ ਹੀ ਪ੍ਰਵਾਨ ਨਹੀਂ ਕਰ ਲੈਣਗੇ। ਇਸ ਮੰਤਵ ਲਈ ਵਿਸ਼ੇਸ਼ ਅਧਿਆਪਕ ਦੁਆਰਾ ਉਸਨੂੰ ਉੱਚਿਤ ਵਿਹਾਰ ਅਤੇ ਸਿਖਲਾਈ ਦਿੱਤੀ ਜਾਣੀ ਜ਼ਰੂਰੀ ਹੈ ਅਤੇ ਇਸਦੇ ਨਾਲ ਹੀ ਸਾਧਾਰਣ ਬੱਚਿਆਂ ਨੂੰ ਉਨ੍ਹਾਂ ਵਿਚ ਅਤੇ ਅਸਾਧਾਰਣ ਬੱਚਿਆਂ ਵਿਚਲੇ ਅੰਤਰ ਨੂੰ ਸਮਝਾਉਣਾ ਚਾਹੀਦਾ ਹੈ। ਐਪਰ, ਇਨ੍ਹਾਂ ਚੁਣੌਤੀਆਂ ਕਾਰਣ, ਅਪੰਗ ਬੱਚਿਆਂ ਕੋਲੋਂ ਉਨ੍ਹਾਂ ਦਾ ਇਹ ਅਧਿਕਾਰ ਨਹੀਂ ਖੋਹ ਲੈਣਾ ਚਾਹੀਦਾ ਕਿ ਉਹ ਸਕੂਲ ਵਿਚ ਪੂਰਾ ਦਿਨ ਕਲਾਸ ਅੰਦਰ ਬੋਲ ਹੀ ਨਾ ਸਕਣ। **ਸਪੇਨ ਸ਼ੇਵਿਨ** (1978) ਦਾ ਸੁਝਾਅ ਹੈ ਕਿ ਮੁੱਖ ਧਾਰਾ ਵਿਚ ਲਿਆਉਣ ਦਾ ਇਹ ਅਰਥ ਨਹੀਂ ਕਿ ਉਸਨੂੰ ਨਿਯਮਿਤ ਕਲਾਸ ਦੇ ਮੁਤਾਬਿਕ ਢਾਲਿਆ ਜਾਵੇ ਬਲਕਿ ਨਿਯਮਿਤ ਕਲਾਸ ਨੂੰ ਉਸਦੇ ਮੁਤਾਬਿਕ ਢਾਲਣਾ ਚਾਹੀਦਾ ਹੈ, ਤਾਂ ਕਿ ਇਹ ਸਾਰੇ ਬੱਚਿਆਂ ਦੇ ਹਿੱਤ ਵਿਚ ਹੋਵੇ।

ਸਟੀਫਨਜ਼, ਬਲੈਕਹਰਸਟ ਅਤੇ ਮੈਗਲਿਓਸ਼ੀਆ (1983) ਅਨੁਸਾਰ, ਮੁੱਖਧਾਰਾ ਅਪੰਗ ਬੱਚਿਆਂ ਦੀ ਉਹ ਸਿੱਖਿਆ ਹੈ, ਜੋ ਕਿ ਨਿਯਮਿਤ ਕਲਾਸ ਵਿਚ ਸਿੱਖੀ ਜਾਂਦੀ ਹੈ। ਇਹ ਧਾਰਨਾ, ਘੱਟ ਪ੍ਰਤਿਬੰਧਕ ਮਾਹੋਲ ਲਈ ਬਿਲਕੁਲ ਅਨੁਕੂਲ ਹੈ। ਸਾਰੇ ਅਪੰਗ ਬੱਚਿਆਂ ਨੂੰ ਸਾਧਾਰਣ ਬੱਚਿਆਂ ਨਾਲ ਪੜ੍ਹਾਇਆ ਜਾ ਸਕਦਾ ਹੈ। ਇਹ ਬਰਾਬਰ ਸਿੱਖਿਆ ਦੇ ਮੌਕੇ ਦੇਣ ਵਾਲੇ ਸਿਧਾਤ ਤੇ ਆਧਾਰਿਤ ਹੈ , ਜੋਕਿ ਉੱਚਿਤ ਸਿੱਖਿਆ, ਪ੍ਰਾਪਤੀਆਂ ਅਤੇ ਸਮਾਜਿਕ ਸਮਾਨੀਕਰਣ ਦੁਆਰਾ ਲਾਗੂ ਹੋ ਸਕਦਾ ਹੈ।

ਵੈਂਗ (1981) ਅਨੁਸਾਰ, ਮੁੱਖਧਾਰਾ ਦਾ ਅਰਥ ਹੈ, ਉਹ ਸਕੂਲ ਜਿੱਥੇ ਸਾਰੇ ਬੱਚੇ ਇਕੱਠੇ ਪੜ੍ਹਨ ਅਤੇ ਸਿੱਖਿਆ ਦੇ ਸਾਰੇ ਸਾਧਨਾਂ ਅਤੇ ਮੌਕਿਆਂ ਨੂੰ ਪੂਰਾ ਟਾਈਮ ਬਰਾਬਰ ਦਾ ਮਾਣਨ।

ਉਪਰੋਕਤ ਪਰਿਭਾਸ਼ਾਵਾਂ ਸਪੱਸ਼ਟ ਕਰਦੀਆਂ ਹਨ ਕਿ ਥੋੜ੍ਹੇ ਢਿੱਲੇ ਜਾਂ ਥੋੜ੍ਹੇ ਅਪੰਗ ਬੱਚਿਆਂ ਨੂੰ ਉਸ ਕਲਾਸ ਵਿੱਚ ਬਿਠਾਉਣਾ ਚਾਹੀਦਾ ਹੈ, ਜੋ ਕਿ ਉਨ੍ਹਾਂ ਵਾਸਤੇ ਉੱਚਿਤ ਹੋਵੇ। ਭਾਵੇਂ ਉਹ ਨਿਯਮਿਤ ਕਲਾਸ ਹੀ ਹੋਵੇ ਪਰ ਕੁਝ ਦੇਰ ਲਈ ਉਥੇ ਬਿਠਾਉਣਾ ਚਾਹੀਦਾ ਹੈ। ਕਈ ਵਾਰ ਇਹ ਨਿਯਮਿਤ ਕਲਾਸ ਨਹੀਂ ਹੁੰਦੀ ਲੇਕਿਨ ਨਿਯਮਿਤ ਸਕੂਲ ਵਿਚ ਸਪੈਸ਼ਲ ਕਲਾਸ ਹੁੰਦੀ ਹੈ ਅਤੇ ਉਸ ਵਿਚ ਪਾਠਕ੍ਰਮ ਸਬੰਧਿਤ ਕਾਰਜਾਂ ਦੁਆਰਾ ਵਧੀਆ ਤੋਂ ਵਧੀਆ ਸਿੱਖਿਆ, ਪ੍ਰਾਪਤੀਆਂ ਅਤੇ ਸਮਾਜਿਕ ਸਮਾਨੀਕਰਣ ਸਬੰਧੀ ਗਿਆਨ ਪ੍ਰਦਾਨ ਕੀਤਾ ਜਾਂਦਾ ਹੈ।

**1.3.3.2 ਭਾਈਚਾਰਕ ਤੌਰ ਤੇ ਸੁਧਾਰ :-** ਭਾਈਚਾਰਕ ਆਧਾਰਿਤ ਸੁਧਾਰ ਦਾ ਮੰਤਵ ਹੈ ਕਿ ਅੰਗਹੀਣ ਲੋਕਾਂ ਦੀ ਮਦਦ ਕੀਤੀ ਜਾ ਸਕੇ, ਜੋਕਿ ਸਮਾਜਿਕ ਸ਼ਮੂਲੀਅਤ, ਬਰਾਬਰ ਮੌਕੇ ਦੇ ਕੇ ਅਤੇ

ਅੰਗਹੀਣਾਂ ਦੇ ਸੁਧਾਰਾਂ ਲਈ ਪ੍ਰੋਗਰਾਮ ਬਣਾਕੇ ਕੀਤੀ ਜਾ ਸਕਦੀ ਹੈ। ਸੀ.ਬੀ.ਆਰ. ਪ੍ਰੋਗਰਾਮਾਂ ਦਾ ਲਾਭ ਇਹ ਹੈ ਕਿ ਇਨ੍ਹਾਂ ਨੂੰ ਦਿਹਾਤੀ ਇਲਾਕਿਆਂ ਵਿਚ ਵੀ ਮੁਹੱਈਆ ਕਰਵਾਇਆ ਜਾ ਸਕਦਾ ਹੈ ਅਤੇ ਬਹੁਤ ਥੋੜ੍ਹੀਆਂ ਬੁਨਿਆਦੀ ਲੋੜਾਂ ਨਾਲ। ਕਿਉਂ ਜੋ, ਇਹ ਪ੍ਰੋਗਰਾਮ ਕੇਵਲ ਸਿਹਤ ਸੇਵਾਵਾਂ, ਸਿੱਖਿਆ, ਕਿੱਤਾ ਮੁੱਖੀ ਜਾਂ ਸਮਾਜਿਕ ਸੇਵਾਵਾਂ ਤੱਕ ਹੀ ਸੀਮਿਤ ਨਹੀਂ ਹਨ। ਸੀ.ਬੀ.ਆਰ. ਪ੍ਰੋਗਰਾਮ ਤਾਂ ਖ਼ੁਦ ਅਪੰਗ ਵਿਅਕਤੀਆਂ, ਉਨ੍ਹਾਂ ਦੇ ਪਰਿਵਾਰਾਂ, ਸਮੁੱਚੇ ਭਾਈਚਾਰੇ ਅਤੇ ਯੋਗ ਵਿਵਸਾਇਕ ਵਿਅਕਤੀਆਂ ਨੂੰ ਇਸ ਵਿਚ ਸ਼ਾਮਿਲ ਕਰ ਲੈਂਦੇ ਹਨ। ਸਾਧਾਰਣ ਬੱਚਿਆਂ ਵਾਂਗ ਅਪੰਗ ਬੱਚੇ ਵੀ ਸਮਾਜ ਦਾ ਅੰਗ ਬਣਨਾ ਚਾਹੁੰਦੇ ਹਨ, ਕਿਉਂਕਿ ਉਹ ਵੀ ਇਸ ਵਿਚ ਬਸਰ ਕਰਦੇ ਹਨ ਅਤੇ ਕਰਦੇ ਰਹਿਣਾ ਹੈ। ਇਸ ਕਰਕੇ ਉਨ੍ਹਾਂ ਨੂੰ ਵੀ ਮੌਕੇ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ ਕਿ ਉਹ ਵੀ ਆਮ ਬੱਚਿਆਂ ਨਾਲ ਮੇਲ-ਜੋਲ ਰੱਖਕੇ, ਆਪਣੇ ਵਿਚਾਰ ਸਾਂਝੇ ਕਰ ਸਕਣ। ਇਹ ਕੇਵਲ ਤਾਂ ਹੀ ਸੰਭਵ ਹੋ ਸਕਦਾ ਹੈ, ਜੇਕਰ ਉਨ੍ਹਾਂ ਦੀ ਸਿੱਖਿਆ ਇਕੱਠੇ ਰੂਪ ਵਿਚ ਹੋਵੇ। ਇਸ ਸੰਯੁਕਤ ਕਿਸਮ ਦੀ ਸਿੱਖਿਆ ਨਾਲ, ਅਪੰਗ ਬੱਚੇ ਵੀ ਸਿੱਖਿਆ ਦੇ ਮਾਮਲੇ ਵਿਚ, ਸਾਧਾਰਣ ਬੱਚਿਆਂ ਦੀ ਮੁੱਖ ਧਾਰਾ ਵਿਚ ਸ਼ਾਮਿਲ ਹੋ ਸਕਦੇ ਹਨ। ਇਸ ਪ੍ਰਕਾਰ ਸਮਾਨੀਕਰਣ, ਸ਼ਮੂਲੀਅਤ ਅਤੇ ਮੁੱਖ ਧਾਰਾ ਵਿਚ ਲਿਆਉਣ ਨਾਲ ਉਹ ਸਮਾਜ ਨਾਲ ਜੁੜਨਗੇ।

ਅਪਾਹਜ ਲੋਕਾਂ ਪ੍ਰਤੀ ਸਮਾਜ ਦਾ ਰੁਝਾਨ ਕਾਫੀ ਹੱਦ ਤੱਕ ਬਦਲ ਗਿਆ ਹੈ, ਹੁਣ ਅਪੰਗ ਲੋਕਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ ਲੱਗ ਪਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੁਝ ਕਾਰਜਾਂ ਵਿਚ ਅਪੰਗ ਵਿਅਕਤੀ ਦੀ ਅਪੰਗਤਾ ਰਾਹ ਦਾ ਰੋੜ੍ਹਾ ਬਣਕੇ ਖਲੋ ਜਾਂਦੀ ਹੈ ਲੇਕਿਨ ਕੁਝ ਕਾਰਜਾਂ ਵਿੱਚ ਉਹ ਸਾਧਾਰਣ ਵਿਅਕਤੀ ਨੂੰ ਵੀ ਪਿੱਛੇ ਛੱਡ ਦਿੰਦੇ ਹਨ। ਇਸ ਕਰਕੇ ਹੁਣ ਅਪੰਗ ਬੱਚੇ ਕੇਵਲ ਰਹਿਮ ਜਾਂ ਦਇਆ ਦੇ ਪਾਤਰ ਨਹੀਂ ਰਹਿ ਗਏ, ਸਗੋਂ ਉਹਨਾਂ ਨੂੰ ਸਮਾਜ ਦੇ ਹੋਰ ਸਹਿਯੋਗ ਦੀ ਲੋੜ ਹੈ। ਇਹ ਸਮਾਜ ਦਾ ਫਰਜ਼ ਬਣਦਾ ਹੈ ਕਿ ਉਹ ਇਸ ਪ੍ਰਕਾਰ ਦੇ ਲੋਕਾਂ ਨੂੰ ਉੱਚਿਤ ਰੋਜ਼ਗਾਰ ਦੇਵੇ, ਜਿਸ ਨਾਲ ਉਹ ਵੀ ਆਪਣਾ ਗੁਜ਼ਾਰਾ ਕਰ ਸਕਣ।

ਭਾਰਤ ਦੇ ਸੰਵਿਧਾਨ ਵਿੱਚ ਅਪੰਗ ਵਿਅਕਤੀਆਂ ਦੇ ਵਸੇਬੇ ਲਈ ਉਪਬੰਧ ਬਣਾਏ ਹੋਏ ਹਨ। ਇਸ ਵਿਚ ਰਾਜਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਅਪੰਗ ਵਿਅਕਤੀਆਂ ਦੀ ਸਿੱਖਿਆ, ਕੰਮਕਾਰ ਅਤੇ ਸਰਕਾਰੀ ਸਹਾਇਤਾ ਦੀ ਸੁਰੱਖਿਆ ਕਰਨ। ਅਪੰਗ ਵਿਅਕਤੀਆਂ ਦੇ ਹਿੱਤਾਂ ਦੀ ਸੁਰੱਖਿਆ ਕਰਨ ਲਈ ਮੁੱਖ ਤੌਰ ਤੇ ਤਿੰਨ ਕਾਨੂੰਨ ਬਣੇ ਹੋਏ ਹਨ:

- ਦੀ ਰੀਹੈਬਿਲਿਟੇਸ਼ਨ ਕੌਂਸਿਲ ਆਫ ਇੰਡੀਆ ਐਕਟ, 1992
- ਅਪੰਗ ਵਿਅਕਤੀਆਂ (ਬਰਾਬਰ ਦੇ ਮੌਕੇ, ਅਧਿਕਾਰਾਂ ਦੀ ਰੱਖਿਆ ਤੇ ਮੁਕੰਮਲ ਸ਼ਮੂਲੀਅਤ) ਸਬੰਧੀ ਐਕਟ, 1995
- ਆਤਮਲੀਨਤਾ, ਲਕਵਾ, ਮੰਦਬੁੱਧੀ ਅਤੇ ਅੰਗਹੀਣਤਾ ਸਬੰਧੀ ਵਿਅਕਤੀਆਂ ਦੀ ਭਲਾਈ ਲਈ ਨੈਸ਼ਨਲ ਟਰੱਸਟ ਐਕਟ, 1999

**1) ਦੀ ਰੀਹੈਬਿਲਿਟੇਸ਼ਨ ਕੌਂਸਿਲ ਆਫ ਇੰਡੀਆ ਐਕਟ (ਆਰ.ਸੀ.ਆਈ) :-** ਇਹ ਐਕਟ (1992) ਵਿੱਚ ਭਾਰਤ ਸਰਕਾਰ ਵੱਲੋਂ ਪਾਸ ਕੀਤਾ ਗਿਆ ਸੀ ਜਿਸ ਵਿਚ ਰੀਹੈਬਿਲਿਟੇਸ਼ਨ ਕੌਂਸਿਲ ਨੂੰ ਕਾਨੂੰਨੀ ਦਰਜਾ ਦੇ ਦਿੱਤਾ ਗਿਆ। ਇਹ ਅੰਗਹੀਣਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ। ਇਹ ਅਪੰਗਤਾ ਦੇ ਖੇਤਰ ਵਿਚ ਵੱਖ-ਵੱਖ ਸ਼੍ਰੇਣੀਆਂ ਦੇ ਵਿਵਸਾਇਕਾਂ ਵੱਲੋਂ ਕੀਤੇ ਜਾਂਦੇ ਪ੍ਰੋਗਰਾਮਾਂ ਅਤੇ ਸੰਸਥਾਵਾਂ ਨੂੰ ਨਿਯਮਿਤ ਕਰਦੀ ਹੈ ।

**2) ਅਪੰਗ ਵਿਅਕਤੀਆਂ ਸਬੰਧੀ ਐਕਟ (ਪੀ.ਡਬਲਿਊ.ਡੀ.) :-** ਇਹ ਸਭ ਤੋਂ ਵਿਆਪਕ ਤੇ ਵਿਸਤ੍ਰਿਤ ਐਕਟ ਹੈ। ਇਸ ਵਿਚ ਅਪੰਗ ਵਿਅਕਤੀਆਂ ਨੂੰ ਸਮੁੱਚੇ ਰੂਪ ਵਿਚ ਲਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਭਲਾਈ ਸਬੰਧੀ ਯਤਨ ਕੀਤੇ ਜਾਂਦੇ ਹਨ। ਇਸ ਐਕਟ ਦੇ ਨਿਮਨਲਿਖਤ ਉਪਬੰਧ ਹਨ:-

ੳ) ਸਰਕਾਰੀ ਨੌਕਰੀਆਂ ਵਿਚ ਅਪੰਗਾਂ ਲਈ (3%) ਤਿੰਨ ਪ੍ਰਤੀਸ਼ਤ ਰਾਖਵਾਂਕਰਣ।

ਅ) ਸਰਕਾਰੀ ਅਤੇ ਪ੍ਰਾਈਵੇਟ ਸੰਸਥਾਵਾਂ ਨੂੰ ਉਤਸ਼ਾਹਿਤ ਕਰਨਾ ਕਿ ਉਹ ਆਪਣੇ ਕੁੱਲ ਮੁਲਾਜ਼ਮਾਂ ਵਿਚ ਘੱਟੋ-ਘੱਟ 5 ਮੁਲਾਜ਼ਮ ਅਪੰਗਾਂ ਵਿੱਚੋਂ ਲੈਣ।

ੲ) ਰਾਜਾਂ ਨੂੰ ਸੁਨਿਸਚਿੱਤ ਕਰਨਾ ਕਿ ਉਹ ਹਰੇਕ ਅਪੰਗ ਬੱਚੇ ਨੂੰ 18 ਸਾਲ ਦੀ ਉਮਰ ਤੱਕ ਮੁਫਤ ਸਿੱਖਿਆ ਦੇਵੇ।

ਸ) ਅਪੰਗ ਵਿਅਕਤੀਆਂ ਨੂੰ ਰਿਆਇਤੀ ਦਰਾਂ ਤੇ ਜ਼ਮੀਨ ਦਿੱਤੀ ਜਾਵੇ, ਤਾਂ ਕਿ ਉਹ ਆਪਣਾ ਘਰ, ਬਿਜ਼ਨੈੱਸ, ਫੈਕਟਰੀ, ਵਿਸ਼ੇਸ਼ ਮੰਨੋਰੰਜਨ-ਕੇਂਦਰ, ਸਕੂਲ ਅਤੇ ਖੋਜ ਸੰਸਥਾਵਾਂ ਖੋਲ੍ਹ ਸਕਣ।

ਹ) ਉਨ੍ਹਾਂ ਲਈ ਵਿਸ਼ੇਸ਼ ਰੋਜ਼ਗਾਰ-ਕੇਂਦਰ, ਵਿਸ਼ੇਸ਼ ਬੀਮਾ ਪਾਲਿਸੀਆਂ ਅਤੇ ਬੇਰੋਜ਼ਗਾਰੀ-ਭੱਤਾ ਉਪਲੱਬਧ ਹੋਵੇ।

ਕ) ਅਪੰਗਾਂ ਲਈ ਇੱਕ ਚੀਫ ਕਮਿਸ਼ਨਰ ਹੋਵੇ, ਜੋ ਕਿ

- ਵੱਖ-ਵੱਖ ਰਾਜਾਂ ਦੇ ਕਮਿਸ਼ਨਰਾਂ ਨਾਲ ਅਪੰਗਾਂ ਦੇ ਕਾਰਜਾਂ ਸਬੰਧੀ ਤਾਲਮੇਲ ਕਰ ਸਕੇ।
- ਕੇਂਦਰ ਸਰਕਾਰ ਵੱਲੋਂ ਦਿੱਤੇ ਫੰਡਾਂ ਦੀ ਵਰਤੋਂ ਸਬੰਧੀ ਦੇਖ-ਰੇਖ ਕਰ ਸਕੇ।
- ਅਪੰਗਾਂ ਦੇ ਅਧਿਕਾਰਾਂ ਅਤੇ ਸਹੂਲਤਾਂ ਦੀ ਸੁਰੱਖਿਆ ਲਈ ਕਾਰਜ ਕਰ ਸਕੇ।
- ਅਪੰਗਾਂ ਦੇ ਅਧਿਕਾਰਾਂ ਵਿਚ ਹੋਈ ਕੋਤਾਹੀ ਸਬੰਧੀ ਸ਼ਿਕਾਇਤਾਂ ਦੀ ਜਾਂਚ ਕਰ ਸਕੇ।
- ਇਸ ਕਰਕੇ ਇਹ ਕਾਨੂੰਨ ਕੇਵਲ ਅਪੰਗਾਂ ਦੀ ਸਮਾਜ ਵਿਚ ਭਲਾਈ ਲਈ ਬਣਾਇਆ ਗਿਆ ਹੈ।

3) **ਅਧਰੰਗ ਅਤੇ ਆਤਮਲੀਨਤਾ ਦੇ ਸ਼ਿਕਾਰ ਵਿਅਕਤੀਆਂ ਦੀ ਭਲਾਈ ਲਈ ਨੈਸ਼ਨਲ ਟਰੱਸਟ:-ਮੰਦਬੁੱਧੀ ਅਤੇ ਅਪੰਗਤਾ ਐਕਟ:-** ਇਸ ਕਾਨੂੰਨ ਦੇ ਤਹਿਤ ਇੱਕ ਟਰੱਸਟ ਬਣਾਇਆ ਗਿਆ, ਜਿਹੜਾ ਅਧਰੰਗ, ਆਤਮਲੀਨਤਾ, ਮੰਦਬੁੱਧੀ ਅਤੇ ਕਈ ਪ੍ਰਕਾਰ ਦੀ ਅਪੰਗਤਾ ਦੇ ਸ਼ਿਕਾਰ ਵਿਅਕਤੀਆਂ ਨੂੰ ਪਰਿਵਾਰਕ ਤੌਰ ਤੇ ਉਨ੍ਹਾਂ ਦੀ ਦੇਖ ਰੇਖ ਲਈ ਮਜਬੂਤ ਕੀਤਾ ਜਾ ਸਕੇ। ਇਹ ਟਰੱਸਟ ਉਨ੍ਹਾਂ ਦੀ ਦੇਖ ਰੇਖ ਲਈ ਮਜਬੂਤ ਕੀਤਾ ਜਾ ਸਕੇ। ਇਹ ਟਰੱਸਟ ਉਨ੍ਹਾਂ ਅਪੰਗ ਵਿਅਕਤੀਆਂ ਦੀ ਦੇਖ ਰੇਖ ਵੀ ਕਰਦਾ ਹੈ ਜਿਨ੍ਹਾਂ ਨੂੰ ਕੋਈ ਪਰਿਵਾਰਕ ਸਹਾਇਤਾ ਨਹੀਂ ਮਿਲਦੀ।

ਉਪਰੋਕਤ ਦਰਸਾਏ ਸਾਰੇ ਕਾਨੂੰਨਾਂ ਦੇ ਬਣਾਉਣ ਦਾ ਮਕਸਦ ਇਹੀ ਹੈ ਕਿ ਅਪੰਗ ਵਿਅਕਤੀਆਂ ਨੂੰ ਵਸਾਇਆ ਜਾਵੇ। ਇਨ੍ਹਾਂ ਐਕਟਾਂ ਤੋਂ ਇਲਾਵਾ, ਭਾਰਤ ਸਰਕਾਰ ਨੇ ਸਾਰੇ ਦੇਸ਼ ਵਿਚ ਲਗਭਗ ਸੌ, ਵਿਸ਼ੇਸ਼ ਰੋਜ਼ਗਾਰ ਸੂਚਨਾ ਅਤੇ ਰਜਿਸਟਰੇਸ਼ਨ ਕੇਂਦਰ ਖੋਲ੍ਹੇ ਹਨ, ਜੋਕਿ ਅੰਗਹੀਣਾਂ ਦੀਆਂ ਯੋਗਤਾਵਾਂ ਅਤੇ ਰੋਜ਼ਗਾਰ ਲਈ ਹਨ। "ਕਿੱਤਾਮੁੱਖੀ ਵਸੇਬਾ ਕੇਂਦਰ" ਵੀ ਖੋਲ੍ਹੇ ਗਏ ਹਨ, ਤਾਂਕਿ ਅਪੰਗ ਲੋਕਾਂ ਨੂੰ ਉਨ੍ਹਾਂ ਦੀਆਂ ਸਰੀਰਕ, ਸਮਾਜਿਕ ਅਤੇ ਕਿੱਤੇ ਸਬੰਧੀ ਲੋੜਾਂ ਅਨੁਸਾਰ, ਵਿਸ਼ੇਸ਼ ਰੋਜ਼ਗਾਰ ਸਿਖਲਾਈ ਦਿੱਤੀ ਜਾ ਸਕੇ।

ਮਨੁੱਖੀ ਸਾਧਨ ਵਿਕਾਸ ਵਿਭਾਗ ਨੇ ਰੋਜ਼ਗਾਰ ਅਤੇ ਵਸੇਬੇ ਲਈ ਵੱਡੇ ਸ਼ਹਿਰਾਂ ਜਿਵੇਂ ਕਿ ਮੁੰਬਈ, ਹੈਦਰਾਬਾਦ, ਦਿੱਲੀ, ਕਾਨਪੁਰ, ਚੇਨਈ ਆਦਿ ਵਿੱਚ ਕਿੱਤਾਮੁੱਖੀ ਵਸੇਬਾ ਕੇਂਦਰ ਖੋਲ੍ਹੇ ਹੋਏ ਹਨ। ਇਨ੍ਹਾਂ ਕੇਂਦਰਾਂ ਦਾ ਮੁੱਖ ਮਨੋਰਥ, ਅਪੰਗਾਂ ਨੂੰ ਪੁਨਰ-ਸਥਾਪਨ ਕਰਨਾ ਹੈ, ਤਾਂ ਕਿ ਉਹ ਵੀ ਸਮਾਜ ਦੇ ਸੁਯੋਗ ਮੈਂਬਰ ਬਣ ਸਕਣ।

### 1.3.3.3 ਵਿਅਕਤੀਗਤ ਸਿੱਖਿਆ ਪ੍ਰੋਗਰਾਮ (ਆਈ.ਈ.ਪੀ.)

ਅਮਰੀਕਾ ਵਿਚ ਅਪੰਗ ਲੋਕਾਂ ਦੀ ਸਿੱਖਿਆ ਐਕਟ ਅਧੀਨ, ਲੋਕਾਂ ਨੇ ਵਿਅਕਤੀਗਤ ਸਿੱਖਿਆ ਪ੍ਰੋਗਰਾਮ ਲਾਜ਼ਮੀ ਬਣਾ ਦਿਤਾ ਹੈ। ਆਈ.ਈ.ਪੀ. ਉਨ੍ਹਾਂ ਬੱਚਿਆਂ ਦੀ ਮਦਦ ਕਰਦੀ ਹੈ ਕਿ ਉਹ ਆਸਾਨੀ ਨਾਲ ਸਿੱਖਿਆ ਪ੍ਰਾਪਤ ਕਰਨ, ਉਂਜ ਸ਼ਾਇਦ ਉਹ ਨਾ ਪ੍ਰਾਪਤ ਕਰ ਪਾਂਦੇ। ਆਈ.ਈ.ਪੀ. ਉਨ੍ਹਾਂ ਬੱਚਿਆਂ ਦੀਆਂ ਲੋੜਾਂ ਦੀ ਪੂਰਤੀ ਕਰਦੀ ਹੈ ਅਤੇ ਅਧਿਆਪਕਾਂ ਤੇ ਸੇਵਾ ਪ੍ਰਦਾਨ ਕਰਨ ਵਾਲਿਆਂ ਨੂੰ ਬੱਚਿਆਂ ਦੀ ਅਪੰਗਤਾ ਤੋਂ ਜਾਣੂ ਕਰਵਾਂਦੀ ਹੈ ਕਿ ਉਨ੍ਹਾਂ ਦੀ ਅਪੰਗਤਾ, ਸਿੱਖਿਆ ਗ੍ਰਹਿਣ ਕਰਨ ਵਿਚ ਕਿਵੇਂ ਮੁਸ਼ਕਲਾਂ ਪੈਦਾ ਕਰਦੀ ਹੈ।

ਆਈ.ਈ.ਪੀ. ਦੱਸਦੀ ਹੈ ਕਿ ਬੱਚਾ ਕਿਵੇਂ ਸਿੱਖਦਾ ਹੈ, ਕਿਵੇਂ ਉਹ ਵਿਅਕਤ ਕਰਦਾ ਹੈ ਅਤੇ ਅਧਿਆਪਕਾਂ ਤੇ ਸਿੱਖਿਅਕਾਂ ਨੂੰ ਕੀ ਕਰਨਾ ਚਾਹੀਦਾ ਹੈ ਕਿ ਉਹ ਜਲਦੀ ਨਾਲ ਕਿਵੇਂ ਸਿੱਖ ਸਕੇ। ਆਈ.ਈ.ਪੀ. ਹਰੇਕ ਕਿਸਮ ਦੇ ਅਪੰਗ ਵਿਦਿਆਰਥੀਆਂ ਤੱਕ ਪਹੁੰਚ ਕਰਦੀ ਹੈ, ਉਨ੍ਹਾਂ ਦੇ ਪਾਠਕ੍ਰਮ ਦਾ ਧਿਆਨ ਰੱਖਦੀ ਹੈ, ਤਾਂ ਕਿ ਉਸਨੂੰ ਸਿੱਖਣ ਵਿਚ ਮੁਸ਼ਕਿਲ ਪੇਸ਼ ਨਾ ਆਵੇ,

ਉਨ੍ਹਾਂ ਦੀਆਂ ਲੋੜਾਂ ਅਨੁਸਾਰ, ਨਿਸ਼ਾਨੇ ਅਤੇ ਟੀਚੇ ਮਿੱਥਦੀ ਹੈ, ਤਾਂਕਿ ਉਹ ਬੰਧੇਜ ਵਾਲੇ ਮਾਹੌਲ ਵਿਚ ਆਸਾਨੀ ਨਾਲ ਨੌਕਰੀ ਕਰ ਸਕਣ।

ਜਦੋਂ ਕੋਈ ਵਿਦਿਆਰਥੀ ਵਿਸ਼ੇਸ਼ ਸਿੱਖਿਆ ਦਾ ਪਾਤਰ ਬਣ ਜਾਂਦਾ ਹੈ, ਤਾਂ ਆਈ.ਈ.ਪੀ. ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਸਨੂੰ ਉਹ ਹਾਈ ਸਕੂਲ ਗ੍ਰੈਜੁਏਸ਼ਨ ਤੱਕ ਪੜ੍ਹਾਵੇ ਜਾਂ ਉਸਦੇ 21ਵੇਂ ਜਨਮ ਦਿਨ ਤੱਕ।

ਆਈ.ਈ.ਪੀ. ਇਹ ਸੁਨਿਸਚਿੱਤ ਕਰਦਾ ਹੈ ਕਿ ਉਨ੍ਹਾਂ ਨੂੰ ਸਹੀ ਨੋਕਰੀ ਵੀ ਮਿਲ ਜਾਵੇ, ਉਹ ਕੇਵਲ ਵਿਸ਼ੇਸ਼ ਸਿੱਖਿਆ ਦੀਆਂ ਕਲਾਸਾਂ ਜਾਂ ਵਿਸ਼ੇਸ਼ ਸਕੂਲਾਂ ਤੱਕ ਹੀ ਸੀਮਿਤ ਨਹੀਂ ਹੁੰਦਾ। ਉਹ ਵਿਦਿਆਰਥੀ ਨੂੰ "ਆਮ ਸਾਧਾਰਣ" ਸਕੂਲ ਦੇ ਮਾਹੌਲ ਵਿਚ ਐਡਜਸਟ ਹੋਣ ਦਾ ਪੂਰਾ-ਪੂਰਾ ਮੋਕਾ ਦਿੰਦਾ ਹੈ। ਇਸ ਪ੍ਰਕਾਰ, ਉਹ ਵਿਦਿਆਰਥੀ ਵਿਸ਼ੇਸ਼ ਸਹਾਇਤਾ ਪ੍ਰਾਪਤ ਕਰ ਸਕਦਾ ਹੈ, ਜਦੋਂ ਉਸਨੂੰ ਇਸਦੀ ਸਖ਼ਤ ਲੋੜ ਹੁੰਦੀ ਹੈ। ਉਹ ਪੂਰੀ ਸੁਤੰਤਰਤਾ ਨਾਲ ਆਪਣੇ ਸਾਧਾਰਣ ਸਾਥੀਆਂ ਦੇ ਨਾਲ ਗੱਲਬਾਤ ਕਰ ਸਕਦਾ ਹੈ ਅਤੇ ਦੂਜੇ ਕਾਰਜਾਂ ਵਿਚ ਹਿੱਸਾ ਲੈ ਸਕਦਾ ਹੈ।

**1.3.3.4 ਸ਼ਮੂਲੀਅਤ:-** ਸਾਰੇ ਵਿਦਿਆਰਥੀਆਂ ਨੂੰ ਇੱਕੋ ਕਲਾਸ ਵਿਚ ਪੜ੍ਹਾਇਆ ਜਾਂਦਾ ਹੈ, ਭਾਵੇਂ ਕੋਈ ਸਰੀਰਕ, ਮਾਨਸਿਕ ਜਾਂ ਵਿਕਾਸੀ ਅਪੰਗਤਾ ਹੋਵੇ। ਸਾਂਝੀ ਕਲਾਸ ਵਿਚ ਕਲਾਸ-ਟੀਚਰ ਲਈ ਵਿਸ਼ੇਸ਼ ਸਹਾਇਤਾ ਦੀ ਲੋੜ ਹੁੰਦੀ ਹੈ। ਮੁਕੰਮਲ ਤੌਰ ਤੇ ਸਾਂਝੇ ਸਕੂਲ ਜਾਂ ਕਲਾਸ ਵਿਚ ਸਾਰੇ ਵਿਦਿਆਰਥੀ ਇਕੋ ਹੀ ਪਾਠਕ੍ਰਮ ਦਾ ਅਨੁਸਰਣ ਕਰਦੇ ਹਨ। ਇੱਕਠੇ ਟੂਰ ਤੇ ਜਾਂਦੇ ਹਨ, ਇਕੱਠੇ ਖੇਡਦੇ ਹਨ ਅਤੇ ਇਕੱਠੇ ਹੀ ਸਵੇਰ ਦੀ ਪ੍ਰਾਰਥਨਾ ਵਿਚ ਜਾਂਦੇ ਹਨ।

ਸਾਂਝੀ ਸਿੱਖਿਆ ਦੀ ਪ੍ਰਕਿਰਿਆ ਦੌਰਾਨ ਅਸਾਧਾਰਣ ਬੱਚੇ ਵੀ ਨਾਰਮਲ ਕਲਾਸਾਂ ਵਿਚ ਬੈਠਦੇ ਹਨ। ਇਸਦਾ ਭਾਵ ਇਹੀ ਹੈ ਕਿ ਅਸਾਧਾਰਣ ਬੱਚਿਆਂ ਨੂੰ ਸਾਧਾਰਣ ਨਾਲੋਂ ਵੱਖ ਕਰਕੇ ਨਹੀਂ ਰੱਖਣਾ ਚਾਹੀਦਾ, ਸਗੋਂ ਉਨ੍ਹਾਂ ਨੂੰ ਸਾਂਝੀ ਕਲਾਸ ਵਿਚ ਹੀ ਬਿਠਾਣਾ ਚਾਹੀਦਾ ਹੈ। ਉਨ੍ਹਾਂ ਨੂੰ ਸਾਧਾਰਣ ਬੱਚਿਆਂ ਵਾਂਗ ਹੀ ਸਿੱਖਿਆ ਦੇਣੀ ਚਾਹੀਦੀ ਹੈ। ਇਸ ਨਾਲ ਉਨ੍ਹਾਂ ਅੰਦਰਲੀ ਪ੍ਰਤਿਭਾ ਦਾ ਪੂਰੀ ਤਰ੍ਹਾਂ ਵਿਕਾਸ ਹੋਵੇਗਾ ਅਤੇ ਉਨ੍ਹਾਂ ਅੰਦਰਲਾ ਝਾਕਾ ਖੁੱਲ੍ਹੇਗਾ। ਉਹ ਇਹ ਵੀ ਸਿਖਣਗੇ ਕਿ ਸਾਧਾਰਣ ਬੱਚਿਆਂ ਨਾਲ ਮੁਕਾਬਲਾ ਕਿਵੇਂ ਕੀਤਾ ਜਾ ਸਕਦਾ ਹੈ। ਉਹ ਆਪਣੀ ਅਪੰਗਤਾ ਦੀ ਪੂਰਤੀ ਲਈ ਵੱਧ ਮਿਹਨਤ ਕਰਨਗੇ ਅਤੇ ਆਪਣੇ ਅੰਦਰ ਵਧੇਰੇ ਆਤਮ ਵਿਸ਼ਵਾਸ ਪੈਦਾ ਕਰਨਗੇ। ਦੂਜੇ ਪਾਸੇ ਸਾਧਾਰਣ ਬੱਚਿਆਂ ਨੂੰ ਵੀ ਅਹਿਸਾਸ ਹੋ ਜਾਵੇਗਾ ਕਿ ਅਸਾਧਾਰਣ ਬੱਚੇ ਉਨ੍ਹਾਂ ਤੋਂ ਘੱਟ ਨਹੀਂ ਹਨ। ਉਹ ਵੀ ਉਨ੍ਹਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰਨਗੇ। ਇਸ ਨਾਲ ਉਨ੍ਹਾਂ ਅੰਦਰ ਸਮਾਜਿਕ ਗੁਣਾਂ ਦਾ ਵਧੇਰੇ ਵਿਕਾਸ ਹੋਵੇਗਾ। ਅਪੰਗ ਬੱਚਿਆਂ ਨੂੰ ਸਾਂਝੀਆਂ ਕਲਾਸਾਂ ਵਿਚ ਬਿਠਾਉਣ ਨਾਲ ਕੇਵਲ ਉਨ੍ਹਾਂ ਅੰਦਰ ਸਾਧਾਰਣ ਬੱਚਿਆਂ ਦੇ ਬਰਾਬਰ ਖਲੋਣ ਦਾ ਬਲ ਹੀ ਪੈਦਾ ਨਹੀਂ ਹੋਵੇਗਾ, ਸਗੋਂ ਉਨ੍ਹਾਂ ਅੰਦਰ ਹਾਂ-ਪੱਖੀ ਵਿਕਾਸ ਦਾ ਰੁਝਾਨ ਪੈਦਾ ਹੋਵੇਗਾ।

**1.3.3.5 ਅਲਹਿਦਗੀ :-** ਅਲਹਿਦਗੀ ਦੀ ਪ੍ਰਕਿਰਿਆ ਅੰਦਰ, ਅਪੰਗ ਵਿਅਕਤੀਆਂ ਨੂੰ ਵੱਖਰੇ ਮਾਹੌਲ ਵਿਚ ਅਲੱਗ ਤੌਰ ਤੇ ਰੱਖਿਆ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਇਸ ਪ੍ਰਕਿਰਿਆ ਅੰਦਰ ਜਿੰਨੇ ਵੀ ਅਸਾਧਾਰਣ ਬੱਚੇ ਜਾਂ ਵੱਡੇ, ਕਿਸੇ ਸੰਸਥਾ ਵਿਚ ਹੋਣ, ਉਨ੍ਹਾਂ ਨੂੰ ਉਨ੍ਹਾਂ ਦੇ ਹੀ ਸਥਾਨਕ ਭਾਈਚਾਰੇ ਵਿਚ ਸ਼ਾਮਿਲ ਕਰ ਲਿਆ ਜਾਂਦਾ ਹੈ।

ਅਲਹਿਦਗੀ ਦਾ ਰੁਝਾਨ, ਸਾਂਝੀਆਂ ਸੰਸਥਾਵਾਂ ਦੇ ਵਿਰੁੱਧ ਇੱਕ ਰੋਸ ਵਜੋਂ ਉੱਭਰ ਕੇ ਸਾਹਮਣੇ ਆਇਆ। ਅਪੰਗ ਬੱਚਿਆਂ ਨੂੰ ਵਿਸ਼ੇਸ਼ ਸੰਸਥਾਵਾਂ ਵਿਚ ਡੱਕਿਆ ਜਾਣ ਲੱਗ ਪਿਆ। ਇਨ੍ਹਾਂ ਸੰਸਥਾਵਾਂ, ਅਪੰਗ ਬੱਚਿਆਂ ਨੂੰ ਸਰੀਰਕ ਜਾਂ ਮਾਨਸਿਕ ਤੌਰ ਤੇ ਬਿਮਾਰ ਸਮਝਿਆ ਜਾਣ ਲੱਗ ਪਿਆ ਅਤੇ ਉਨ੍ਹਾਂ ਨੂੰ ਸਿੱਖਿਆ ਅਤੇ ਦੇਖ-ਰੇਖ ਤੋਂ ਵਾਂਝਿਆ ਰੱਖਿਆ ਜਾਣ ਲੱਗ ਪਿਆ। ਸੰਨ 1800 ਦੇ ਲੱਗਭੱਗ, ਇਹ ਸੰਸਥਾਵਾਂ ਕਾਫੀ ਪੈਮਾਨੇ ਤੇ ਉਭਰ ਕੇ ਸਾਹਮਣੇ ਆਈਆਂ। ਇਨ੍ਹਾਂ ਸੰਸਥਾਵਾਂ ਤੇ ਖਰਚਾ ਵੀ ਘੱਟ ਆਉਂਦਾ ਸੀ, ਕਿਉਂ ਕਿ ਅਪੰਗਾਂ ਨੂੰ ਇਨ੍ਹਾਂ ਅੰਦਰ ਬੰਦ ਕਰਕੇ ਰੱਖਿਆ ਜਾਂਦਾ ਸੀ ਅਤੇ ਨਾ ਹੀ ਬਹੁਤਾ ਇਲਾਜ ਦਾ ਖਰਚਾ ਹੁੰਦਾ ਸੀ। ਉਨੀਂਵੀ ਸਦੀ ਦੇ ਅੰਤ ਤੇ, ਵਿਸ਼ੇਸ਼ ਸੰਸਥਾਵਾਂ ਹਰ ਪ੍ਰਕਾਰ ਦੇ ਅਢੁੱਕਵੇਂ ਤੇ ਆਸਾਧਰਣ ਵਿਅਕਤੀਆਂ ਨੂੰ ਇਨ੍ਹਾਂ ਵਿਚ ਬੰਦ ਰੱਖਣ ਦਾ ਜ਼ਰੀਆ ਬਣ ਗਿਆ। ਇਹ ਰੁਝਾਨ ਕਈ ਦਹਾਕਿਆਂ ਤੱਕ ਚੱਲਿਆ। 1950 ਅਤੇ 1960 ਵਿਚ ਕਈ ਸਮਾਜਿਕ ਲਹਿਰਾਂ ਸਾਹਮਣੇ ਆਈਆਂ। ਇਨ੍ਹਾਂ ਲਹਿਰਾਂ ਨੇ ਅਪੰਗ ਵਿਅਕਤੀਆਂ ਦੀਆਂ ਲੋੜਾਂ ਉੱਤੇ ਜ਼ੋਰ ਦਿੱਤਾ ਅਤੇ ਉਨਾਂ ਦੀ ਮਦਦ ਲਈ ਆਵਾਜ਼ ਬੁਲੰਦ ਕੀਤੀ। ਦੂਜੀ ਸੰਸਾਰ ਜੰਗ ਤੋਂ ਬਾਅਦ, ਰਾਸ਼ਟਰਪਤੀ ਕੈਨੇਡੀ ਅਤੇ ਰਾਸ਼ਟਰਪਤੀ ਜੌਨਸਨ ਨੇ ਅਪੰਗ ਵਿਅਕਤੀਆਂ ਦੀ ਸਿੱਖਿਆ ਲਈ ਸਹਾਇਤਾ ਪ੍ਰਦਾਨ ਕੀਤੀ। ਇਸ ਨਾਲ ਉਨ੍ਹਾਂ ਦੀ ਸਿੱਖਿਆ ਦੇ ਨਵੇਂ ਰਾਹ ਖੁੱਲ੍ਹ ਗਏ। ਕੈਨੇਡੀ ਨੇ ਦਿਮਾਗੀ ਤੌਰ ਤੇ ਬਿਮਾਰ ਵਿਅਕਤੀਆਂ ਲਈ ਕਮਿਊਨਿਟੀ ਸੈਂਟਰ ਖੁਲਵਾ ਦਿੱਤੇ, ਜਿਨ੍ਹਾਂ ਵਿਚ ਮਰੀਜ਼ਾਂ ਨੂੰ ਰਖਿਆ ਜਾਂਦਾ ਸੀ, ਤਾਂ ਕਿ ਉਨ੍ਹਾਂ ਦਾ ਇਲਾਜ , ਸਲਾਹ-ਮਸ਼ਵਰਾ ਅਤੇ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ। ਇਹ ਅਲਹਿਦਗੀ ਦੀ ਸ਼ੁਰੂਆਤ ਦਾ ਸਮਾਂ ਸੀ, ਜਿਸ ਨਾਲ ਅਪੰਗ ਬੱਚੇ ਆਪਣੇ ਭਾਈਚਾਰੇ ਵਿਚ ਵਾਪਸ ਪਰਤ ਕੇ ਰਹਿਣ ਲੱਗੇ ਸਨ।

**ਅਲਹਿਦਗੀ ਦੇ ਤਿੰਨ ਪੜਾਅ ਹਨ:**

1. ਬਦਲਵੇਂ ਪ੍ਰਬੰਧ ਕਰਕੇ ਹੀ ਅਲਹਿਦਗੀ ਦਾ ਢੰਗ ਅਪਨਾਉਣਾ ਚਾਹੀਦਾ ਹੈ।
2. ਜੇਕਰ ਵਿਕਸਿਤ ਕੁਸ਼ਲਤਾ ਹੋਵੇ ਤਾਂ ਹੀ ਭਾਈਚਾਰੇ ਵਿਚ ਭੇਜਣਾ ਚਾਹੀਦਾ ਹੈ।
3. ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਕਰਦੇ ਹੋਏ, ਉਨ੍ਹਾਂ ਦੀ ਰਿਹਾਇਸ਼ ਦਾ ਉੱਚਿਤ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ, ਤਾਂ ਕਿ ਉਹ ਆਪਣੇ ਭਾਈਚਾਰੇ ਵਿਚ ਤਬਦੀਲ ਕੀਤੇ ਜਾ ਸਕਣ।

ਇਸ ਅਲਹਿਦਗੀ ਦੀ ਪ੍ਰਕਿਰਿਆ ਦਾ ਮੁੱਖ ਕਾਰਣ ਇਹ ਸੀ ਕਿ ਮੰਦ-ਬੁੱਧੀ ਬੱਚਿਆਂ ਨੂੰ ਸਮਾਜ ਦਾ ਇੱਕ ਹਿੱਸਾ ਬਣਾਇਆ ਜਾਵੇ ਅਤੇ ਉਨ੍ਹਾਂ ਨੂੰ ਉਹ ਸਾਰੇ ਅਧਿਕਾਰ ਦਿੱਤੇ ਜਾਣ ਜੋਕਿ ਉਨਾਂ ਨੂੰ ਠੀਕ ਅਤੇ ਸਾਧਾਰਣ ਬੱਚੇ ਹੋਣ ਦੀ ਸੂਰਤ ਵਿਚ ਮਿਲਣੇ ਸਨ।

ਸ਼ੁਰੂ-ਸ਼ੁਰੂ ਵਿਚ ਇਸ ਅਲਹਿਦਗੀ ਦੇ ਕਾਰਜ ਲਈ ਨਿਮਨ ਗੱਲਾਂ ਤੇ ਕਾਫੀ ਵਿਰੋਧ ਤੇ ਆਲੋਚਨਾ ਵੀ ਹੋਈ ਸੀ:

1. ਮੰਦ-ਬੁੱਧੀ ਬੱਚਿਆਂ ਦਾ ਨਰਸਿੰਗ-ਹੋਮਾਂ ਵਿਚ ਪ੍ਰਬੰਧ ਠੀਕ ਨਹੀਂ, ਕਿਉਂਕਿ ਉਨ੍ਹਾਂ ਦੁਆਰਾ ਕੀਤੀ ਜਾਂਦੀ ਦੇਖ-ਰੇਖ ਉੱਚ ਪੱਧਰ ਦੀ ਨਹੀਂ ਹੁੰਦੀ, ਨਿਸਬਤ ਕਿ ਵਿਸ਼ੇਸ਼ ਸੰਸਥਾਵਾਂ ਦੇ।
2. ਇਹੋ ਜਿਹੇ ਸਥਾਨਾਂ ਤੇ ਕੇਵਲ ਮੁੱਢਲੀ ਡਾਕਟਰੀ ਸਹਾਇਤਾ ਦਾ ਪ੍ਰਬੰਧ ਹੀ ਹੁੰਦਾ ਹੈ ਲੇਕਿਨ ਸਿੱਖਿਆ ਜਾਂ ਸਿਖਲਾਈ ਦਾ ਕੋਈ ਪ੍ਰਬੰਧ ਨਹੀਂ ਹੁੰਦਾ।
3. ਕਈ ਵਾਰ ਬੱਚਿਆਂ ਨੂੰ ਸੰਸਥਾਵਾਂ ਵਿਚ ਮੁੜ ਦਾਖਲ ਕਰਵਾਉਣਾ ਪੈ ਜਾਂਦਾ ਹੈ, ਕਿਉਂਕਿ ਉੱਥੇ ਉਨ੍ਹਾਂ ਦੀ ਸਿੱਖਿਆ ਲਈ ਭਾਈਚਾਰਕ ਸਹੂਲਤਾਂ ਉਪਲੱਬਧ ਨਹੀਂ ਹੁੰਦੀਆਂ।
4. ਇਸ ਨਾਲ ਡਾਕਟਰੀ ਇਲਾਜ ਤੇ ਜਾਂਚ ਸਹੀ ਪ੍ਰਕਾਰ ਨਹੀਂ ਹੋ ਸਕਦੀ।
5. ਇਸ ਨਾਲ ਯੋਗ ਤੇ ਅਨੁਕੂਲ ਵਿਵਹਾਰ ਵਿਚ ਉਲਟਾ ਪਰਿਵਰਤਨ ਹੋ ਜਾਂਦਾ ਹੈ।
6. ਵਿਸ਼ੇਸ਼ ਸੰਸਥਾਵਾਂ ਵਿਚ ਨਿਯੁਕਤ ਅਮਲਾ ਤਾਂ ਸਮਰੱਥ ਸੀ, ਖਾਸ ਤੌਰ ਤੇ ਵਿਸ਼ੇਸ਼ ਸਿਖਲਾਈ ਵਾਲਾ ਅਮਲਾ ਲੇਕਿਨ ਕਮਿਊਨਿਟੀ ਸੈਂਟਰਾਂ ਦਾ ਅਮਲਾ, ਮੰਦ-ਬੁੱਧੀ ਬੱਚਿਆਂ ਨੂੰ ਸੰਭਾਲਣ ਵਿਚ ਅਸਮਰੱਥ ਸੀ।

## 1.3.4 ਤਜਵੀਜ਼ਤ ਪ੍ਰਸ਼ਨ:-

ਪ੍ਰਸ਼ਨ 1. ਵਿਸ਼ੇਸ਼ ਸਿੱਖਿਆ ਪ੍ਰੋਗਰਾਮ (ਆਈ.ਈ.ਪੀ.) ਕੀ ਹੁੰਦਾ ਹੈ? ਇਸ ਪ੍ਰੋਗਰਾਮ ਨੂੰ ਸਫਲ ਬਨਾਉਣ ਲਈ ਕਿਹੜੇ-ਕਿਹੜੇ ਨੁਕਤਿਆਂ ਨੂੰ ਧਿਆਨ ਵਿਚ ਰੱਖਣ ਦੀ ਲੋੜ ਹੈ?

ਪ੍ਰਸ਼ਨ 2. ਇਨ੍ਹਾਂ ਬਾਰੇ ਸੰਖੇਪ ਵਿਚ ਲਿਖੋ:

ੳ. ਸ਼ਮੂਲੀਅਤ

ਅ. ਅਲਹਿਦਗੀ

ਪ੍ਰਸ਼ਨ 3. ਮੁੱਖ ਧਾਰਾ ਤੋਂ ਕੀ ਭਾਵ ਹੈ?

### 1.3.5 ਤਜਵੀਜ਼ਤ ਪੁਸਤਕਾਂ ਅਤੇ ਵੈੱਬ ਸ੍ਰੋਤ :


1. Heward, William L. and Orlansky, Michael D. (1992). Exceptional children. Fourth Edition. New York : Macmillan Publishing Company.
2. Gearheart, Bill R., Weishahn, Mel W. and Gearheart, Carol J. (1992). The Exceptional student in the regular classroom. Fifth Edition. New York: Macmillan Publishing Company.
3. Kotwal, Parijit. (2008). Special Education. Delhi : Authors press Jawahar Park Laxmi Nagar
4. Kaur, Rajpal. (2005) Special Education. Delhi : Deep and Deep Publications.
5. www.scilearn.com/blog/2015-special-education-trends
6. study.com/academy/lesson/current-trends-in-special education
7. education.stateuniversity.com/…/special-Education-current-trends

**ਪਾਠ ਨੰ: 1.4**

# ਵਿਸ਼ੇਸ਼ ਸਿੱਖਿਆ : ਆਤਮਲੀਨਤਾ ਵਾਲੇ ਬੱਚੇ

**ਪਾਠ ਬਣਤਰ**

1.4.1 ਉਦੇਸ਼
1.4.2 ਭੂਮਿਕਾ
1.4.3 ਵਿਸ਼ੇਸ਼ਤਾਈਆਂ
1.4.4 ਕਾਰਣ
1.4.5 ਸਿੱਖਿਆ ਪ੍ਰਬੰਧ
1.4.6 ਤਜਵੀਜ਼ਤ ਪ੍ਰਸ਼ਨ
1.4.7 ਤਜਵੀਜ਼ਤ ਪੁਸਤਕਾਂ ਅਤੇ ਵੈੱਬ ਸ੍ਰੋਤ

**1.4.1 ਉਦੇਸ਼:–** ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਯੋਗ ਹੋ ਸਕਣਗੇ ਕਿ ਇਨ੍ਹਾਂ ਦੇ ਉੱਤਰ ਦੇ ਸਕਣ:

1. ਆਤਮਲੀਨਤਾ ਕੀ ਹੁੰਦੀ ਹੈ?
2. ਆਤਮਲੀਨਤਾ ਦੀਆਂ ਵਿਸ਼ੇਸ਼ਤਾਈਆਂ ਕੀ ਹਨ?
3. ਆਤਮਲੀਨਤਾ ਦੇ ਵੱਖ–ਵੱਖ ਕਾਰਣ ਕੀ ਹਨ?

**1.4.2 ਭੂਮਿਕਾ :–** ਆਤਮਲੀਨਤਾ ਦਿਮਾਗ ਦੇ ਵਿਕਾਸ ਵਿੱਚ ਆਏ ਵਿਗਾੜ ਨੂੰ ਆਖਿਆ ਜਾਂਦਾ ਹੈ। ਇਹ ਵਿਗਾੜ ਜਾਂ ਬਿਮਾਰੀ ਵੱਖ ਵੱਖ ਡਿਗਰੀਆਂ ਵਿੱਚ ਘੱਟ ਵੱਧ ਹੋ ਸਕਦੀ ਹੈ, ਮਸਲਨ ਸਮਾਜਿਕ ਤੌਰ ਤੇ ਗੱਲਬਾਤ ਕਰਨ ਵਿੱਚ, ਸ਼ਾਬਦਿਕ ਜਾਂ ਗੈਰ–ਸ਼ਾਬਦਿਕ, ਤੁਰਨ ਲੱਗਿਆਂ ਜਾਂ ਹਿੱਲ–ਜੁੱਲ ਵੇਲੇ ਤਾਲਮੇਲ ਨਾ ਬੈਠਣਾ ਅਤੇ ਸਰੀਰਕ ਤੌਰ ਤੇ ਨੀਂਦ ਨਾ ਆਉਣਾ ਅਤੇ ਪੇਟ ਦੀ ਸਮੱਸਿਆ ਰਹਿਣਾ ਆਦਿ। ਆਤਮਲੀਨਤਾ ਵਾਲੇ ਕੁਝ ਵਿਅਕਤੀ ਸੰਗੀਤ, ਗਣਿਤ ਅਤੇ ਕਲਾ ਬੜੇ ਹੁਨਰਮੰਦ ਹੁੰਦੇ ਹਨ।

ਆਤਮਲੀਨਤਾ, ਦਿਮਾਗ ਦੇ ਵਿਕਾਸ ਵਿੱਚ ਬਹੁਤ ਪਹਿਲਾਂ ਤੋਂ ਹੀ ਪੈਦਾ ਹੋ ਜਾਂਦੀ ਹੈ। ਇਸ ਦੇ ਕੁਝ ਸਪਸ਼ਟ ਲੱਛਣ ਦੋ ਅਤੇ ਤਿੰਨ ਸਾਲ ਦੀ ਉਮਰ ਵਿੱਚ ਹੀ ਦਿਖਾਈ ਦੇਣੇ ਸ਼ੁਰੂ ਹੋ ਜਾਂਦੇ ਹਨ। ਬੱਚੇ ਦੀ ਭਾਸ਼ਾ ਵਿੱਚ ਵਿਗਾੜ ਜਾਂ ਗੜਬੜ ਸ਼ੁਰੂ ਹੋ ਜਾਂਦੀ ਹੈ, ਖਾਸ ਤੌਰ ਤੇ ਉਸ ਨੂੰ ਸਮਝਣ ਵਿੱਚ ਉਹ ਗਲਤੀਆਂ ਕਰਦਾ ਹੈ, ਭਾਸ਼ਾ ਦਾ ਗ਼ਲਤ-ਮਲਤ ਇਸਤੇਮਾਲ ਕਰਨ ਲਗਦਾ ਹੈ, ਨਾਂ ਉਚਾਰਨ ਲੱਗਿਆਂ ਗਲਤੀ ਕਰਦਾ ਹੈ, ਗੱਲਬਾਤ ਵਿੱਚ ਗਲਤੀ ਕਰਦਾ ਹੈ, ਦੂਜਿਆ ਦੀ ਖੁਸ਼ੀ ਜਾਂ ਗ਼ਮੀ ਵਿੱਚ ਕੋਈ ਹੁੰਗਾਰਾ ਨਹੀਂ ਭਰਦਾ, ਉਸ ਕੋਲ ਕਲਪਨਾ ਦੀ ਘਾਟ ਹੁੰਦੀ ਹੈ, ਖਾਸ ਤੌਰ ਤੇ ਸਮਾਜਿਕ ਕਲਪਨਾ ਦੀ।

ਸਕੂਲ ਵਿੱਚ ਅਜਿਹੇ ਬੱਚਿਆਂ ਨੂੰ ਭਾਸ਼ਾ ਦੇ ਵਿਕਾਸ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਵਿੱਚ ਝਾਕਾ ਜਾਂ ਇੱਕ ਪਾਸੇ ਰਹਿਣਾ, ਦੂਜੇ ਬੱਚਿਆਂ ਨਾਲ ਨਾ ਖੇਡਣਾ ਆਦਿ ਪਾਇਆ ਜਾਂਦਾ ਹੈ।

## 1.4.3 ਵਿਸ਼ੇਸ਼ਤਾਈਆਂ:

### ਸਮਾਜਿਕ ਹੁਨਰ

1) ਬਹੁਤ ਘੱਟ ਨਜ਼ਰ ਮਿਲਾਉਣਾ
2) ਕਿਸੇ ਵਲੋਂ ਛੂਹਣ ਤੇ ਇਤਰਾਜ਼ ਕਰਨਾ।
3) ਕਿਸੇ ਨਾਲ ਗੱਲ ਕਰਨ ਲੱਗਿਆਂ ਲੋੜੋਂ ਵੱਧ ਉਸ ਦੇ ਨੇੜੇ ਹੋ ਜਾਣਾ।
4) ਗੱਲਬਾਤ ਵਿੱਚ ਹਿੱਸਾ ਤਾਂ ਲੈਣਾ ਪਰ ਗੱਲਬਾਤ ਸ਼ੁਰੂ ਕਰਨ ਤੋਂ ਝਿੱਜਕ ਜਾਣਾ।
5) ਆਮ ਤੌਰ ਤੇ ਦੂਜਿਆਂ ਨਾਲ ਆਪਣੀਆਂ ਗੱਲਾਂ ਜਾਂ ਤਜ਼ਰਬੇ ਸਾਂਝੇ ਨਾ ਕਰਨਾ।
6) ਕਿਸੇ ਵਲੋਂ ਸੁਣਾਏ ਚੁਟਕਲੇ ਜਾਂ ਵਿਅੰਗ ਸਮਝਣ ਵਿੱਚ ਸਮੱਸਿਆ।
7) ਚਿਹਰੇ ਦੇ ਹਾਵ ਭਾਵ ਅਤੇ ਸਰੀਰ ਦੀ ਭਾਸ਼ਾ ਸਮਝਣ ਵਿੱਚ ਮੁਸ਼ਕਿਲ ਆਉਣੀ।
8) ਗੱਲਬਾਤ ਦੇ ਨਿਯਮ ਸਮਝਣ ਵਿੱਚ ਮੁਸ਼ਕਿਲ ਪੇਸ਼ ਆਉਣੀ।
9) ਗਰੁੱਪ ਵਿੱਚ ਚਲਦੀ ਗੱਲਬਾਤ ਸਮਝਣ ਵਿੱਚ ਮੁਸ਼ਕਿਲ ਪੇਸ਼ ਆਉਣੀ।
10) ਕਈ ਵਾਰ ਫਟਾ ਫੱਟ ਉਹ ਉੱਤਰ ਦੇ ਦੇਣਾ, ਜਿਸ ਦਾ ਸਬੰਧ ਚੱਲ ਰਹੀ ਗੱਲਬਾਤ ਨਾਲ ਬਿੱਲਕੁਲ ਨਾ ਹੋਵੇ।
11) ਆਪਣੇ ਵਿਚਾਰ ਇਮਾਨਦਾਰੀ ਨਾਲ ਦੇਣੇ ਪਰ ਉਹ ਅਣਉਂਚਿਤ ਅਤੇ ਅਪ੍ਰਸੰਗਿਤ ਹੋਵੇ।
12) ਇੰਜ ਜਾਪਣਾ ਕਿ ਉਹ ਦੂਜਿਆਂ ਦੀਆਂ ਭਾਵਨਾਵਾਂ ਨੂੰ ਨਹੀਂ ਸਮਝ ਰਿਹਾ।
13) ਉਸ ਦੀ ਕੋਸ਼ਿਸ਼ ਇਹੀ ਹੋਣੀ ਕਿ ਉਹ ਇੱਕਲਾ ਰਹੇ।
14) ਦੋਸਤ ਬਣਾਉਣ ਵਿੱਚ ਮੁਸ਼ਕਿਲ ਪੇਸ਼ ਆਉਣੀ।

15) ਆਪਣੇ ਤੋਂ ਵੱਡੇ ਜਾਂ ਛੋਟੇ ਬੱਚਿਆਂ ਨਾਲ ਗੱਲਬਾਤ ਕਰਨ ਵਿੱਚ ਆਸਾਨੀ ਮਹਿਸੂਸ ਕਰਨੀ, ਬਜਾਏ ਕਿ ਆਪਣੀ ਉਮਰ ਦੇ ਬੱਚਿਆਂ ਨਾਲ।
16) ਜੋ ਕੁਝ ਆਸੇ-ਪਾਸੇ ਹੋ ਰਿਹਾ ਹੋਵੇ, ਉਸ ਵਿੱਚ ਬਿਲਕੁਲ ਰੁੱਚੀ ਨਾ ਲੈਣੀ।
17) ਇਕ ਜਾਂ ਦੋ ਵਿਸ਼ਿਆਂ ਬਾਰੇ ਲੋੜੋਂ ਵੱਧ ਬੋਲਣਾ (ਡਾਇਨਾਸੋਰ, ਫਿਲਮਾਂ ਆਦਿ ਬਾਰੇ)।
18) ਲੋਕਾਂ ਦੀਆਂ ਚਲਾਕੀਆਂ ਨੂੰ ਨਾ ਪਛਾਣਨਾ ਅਤੇ ਲੋੜੋਂ ਵੱਧ ਵਿਸ਼ਵਾਸ ਕਰ ਲੈਣਾ।
19) ਦੂਜਿਆਂ ਦੀ ਬਹੁਤ ਘੱਟ ਕਦਰ ਕਰਨਾ।

**ਭਾਸ਼ਾ ਸਬੰਧੀ ਵਿਕਾਸ**

1) ਬੋਲਣ ਸਮੇਂ ਵਧੇਰੇ ਜ਼ੋਰ ਲਗਾਉਣਾ ਜਾਂ ਲੋੜੋਂ ਵੱਧ ਉੱਚੀ ਸੁਰ ਲੈਅ ਵਿੱਚ ਬੋਲਣਾ।
2) ਲੋੜੋਂ ਵੱਧ ਉੱਚਾ ਜਾਂ ਧੀਮਾ ਬੋਲਣਾ।
3) ਕੰਨ ਵਿੱਚ ਬੋਲਣ ਸਮੇਂ ਮੁਸ਼ਕਿਲ ਹੋਣੀ।
4) ਅੰਤਿਮ ਸ਼ਬਦਾਂ ਜਾਂ ਵਾਕ-ਅੰਸ਼ਾਂ ਨੂੰ ਦੁਹਰਾਂਦਾ ਹੈ। ਕਿਸੇ ਦੀ ਗੱਲ ਸੁਣਦੇ ਹੋਏ ਆਵਾਜ਼ ਕਰਨੀ।
5) ਅਕਸਰ ਛੋਟੇ-ਛੋਟੇ ਜਾਂ ਅਧੂਰੇ ਵਾਕਾਂ ਦਾ ਪ੍ਰਯੋਗ ਕਰਨਾ।
6) ਅਕਸਰ ਪੜਨਾਵਾਂ ਦਾ ਗਲਤ ਪ੍ਰਯੋਗ ਕਰਨਾ।
7) ਕਈ ਵਾਰ ਬਹੁਤ ਜ਼ਿਆਦਾ ਸ਼ਬਦਾਵਲੀ ਦਾ ਹੋਣਾ।
8) ਗੱਲ ਕਰਦੇ ਹੋਏ, ਉਸੇ ਵਿਅਕਤੀ ਦਾ ਨਾਂ ਕਈ ਵਾਰ ਲੈਣਾ, ਜਿਸ ਨਾਲ ਗੱਲ ਕੀਤੀ ਜਾ ਰਹੀ ਹੋਵੇ।
9) ਗੱਲ ਕਰਦੇ ਹੋਏ ਵਿੱਚ-ਵਿੱਚ ਰੁੱਕ ਜਾਣਾ।
10) ਦਿਸ਼ਾ-ਸੂਚਕ ਸ਼ਬਦਾਂ ਨੂੰ ਸਮਝਣ ਵਿੱਚ ਮੁਸ਼ਕਿਲ ਪੇਸ਼ ਆਉਣੀ (ਸਾਹਮਣੇ, ਪਿੱਛੇ, ਪਹਿਲਾਂ, ਬਾਅਦ ਵਿੱਚ)।

**ਵਿਵਹਾਰ**

1) ਕਿਸੇ ਚੀਜ਼, ਵਿਚਾਰ ਜਾਂ ਇੱਛਾ ਦੀ ਧੁਨ ਸਵਾਰ ਰਹਿਣਾ।
2) ਆਦਤਾਂ ਦਾ ਪੱਕ ਜਾਣਾ (ਮਸਲਨ: ਨੱਕ ਸੁੜਕਣਾ, ਚੱਟਦੇ ਰਹਿਣਾ) ਥੱਲੇ ਡਿਗਦੀਆਂ ਚੀਜ਼ਾਂ ਨੂੰ ਦੇਖਦੇ ਰਹਿਣਾ, ਥਪਕੀਆਂ ਮਾਰਦੇ ਰਹਿਣਾ, ਘੁਮੇਟਣੀਆਂ ਖਾਂਦੇ ਰਹਿਣਾ, ਹਿੱਲਦੇ ਰਹਿਣਾ, ਹੂੰ-ਹੂੰ ਕਰਦੇ ਰਹਿਣਾ, ਥਪਥਪਾਂਦੇ ਰਹਿਣਾ, ਚੂਸਦੇ ਰਹਿਣਾ, ਕਪੜਿਆਂ ਨੂੰ ਮਲਦੇ ਜਾਂ ਰਗੜਦੇ ਰਹਿਣਾ।
3) ਗੋਲ-ਗੋਲ ਘੁੰਮਕੇ ਦੂਜੇ ਨੂੰ ਆਕਰਸ਼ਿਤ ਕਰਨਾ।
4) ਇੱਕੋ ਖੇਡ ਨੂੰ ਬਾਰ-ਬਾਰ ਖੇਡਣਾ।
5) ਕੁਝ ਚੀਜ਼ਾਂ ਨਾਲ ਵਾਧੂ ਦਾ ਲਗਾਓ।

6) ਕੁਝ ਫਿਲਮਾਂ ਜਾਂ ਵੀਡਿਓ ਖੇਡਾਂ ਬਾਰੇ ਗੱਲ ਕਰਨੀ।
7) ਕਿਸੇ ਹੁਨਰ ਨੂੰ ਇੱਕ ਥਾਂ ਤੋਂ ਦੂਜੀ ਥਾਂ ਤੇ ਤਬਦੀਲ ਕਰਨ ਵਿੱਚ ਮੁਸ਼ਕਿਲ ਹੋਣਾ।
8) ਕੁਝ ਖੇਤਰਾਂ ਵਿੱਚ ਸ੍ਰੇਸ਼ਠਤਾ ਹੋਣੀ।
9) ਬੇਚੈਨੀ ਨੂੰ ਕੁਝ ਅਜੀਬ ਢੰਗਾਂ ਨਾਲ ਵਿਅਕਤ ਕਰਨਾ।
10) ਚੀਜ਼ਾਂ ਨੂੰ ਬਾਰ-ਬਾਰ ਠੀਕ ਕਰਕੇ ਰੱਖੀ ਜਾਣਾ।
11) ਇੱਕ ਕਾਰਜ ਤੋਂ ਦੂਜੇ ਕਾਰਜ ਨੂੰ ਕਰਨ ਲੱਗਿਆਂ ਤਕਲੀਫ ਮਹਿਸੂਸ ਕਰਨਾ।
12) ਕੁਝ ਕਾਰਜ ਕਰਨ ਲਗਿਆਂ ਮੁਸ਼ਕਿਲ ਪੇਸ਼ ਆਉਣ।
13) ਸਾਈਕਲ ਚਲਾਉਣ ਲਗਿਆਂ, ਸਕੇਟਿੰਗ ਕਰਨ ਲਗਿਆਂ, ਦੌੜਨ ਲਗਿਆਂ, ਆਪਣੇ ਸਾਥੀਆਂ ਤੋਂ ਪਿੱਛੇ ਰਹਿ ਜਾਣਾ।
14) ਲਿਖਣ ਲਗਿਆਂ, ਬੂਟਾਂ ਦੇ ਤਸਮੇ ਬੰਨਣ ਲਗਿਆਂ ਅਤੇ ਕੈਂਚੀ ਚਲਾਣ ਲਗਿਆਂ, ਪਿੱਛੇ ਰਹਿ ਜਾਣਾ।
15) ਬਿਨਾਂ ਕਿਸੇ ਕਾਰਣ ਹੀ ਭੈਭੀਤ ਹੋ ਜਾਣਾ।
16) ਗੱਲ-ਗੱਲ ਤੇ ਭੜਕ ਪੈਣਾ।
17) ਅਚਾਨਕ ਹੀ ਬਾਹਰ ਗਲੀ ਵਿੱਚ ਦੌੜਨ ਲੱਗ ਪੈਣਾ।
18) ਕੁਝ ਗੱਲਾਂ ਦਾ ਬੋਧ ਨਾ ਹੋਣਾ, (ਜਿਵੇਂ ਦਸ ਮਿੰਟ ਕਿੰਨੇ ਲੰਮੇ ਹੁੰਦੇ ਹਨ, ਜਾਂ ਤਿੰਨ ਦਿਨ ਕਿੰਨੇ ਹੁੰਦੇ ਹਨ ਜਾਂ ਇੱਕ ਹਫਤਾ ਕਿੰਨਾ ਹੁੰਦਾ ਹੈ।
19) ਆਪਣੀ ਵਾਰੀ ਦੀ ਉਡੀਕ ਨਾ ਕਰ ਸਕਣਾ। (ਜਿਵੇਂ ਕਿ ਲਾਈਨ ਵਿੱਚ ਨਾ ਖੜੋ ਸਕਣਾ)।
20) ਆਪਣੇ ਆਪ ਨੂੰ ਹੀ ਸੱਟ ਮਾਰ ਲੈਣਾ (ਕੱਟ ਲੈਣਾ ਜਾਂ ਸਿਰ ਦੇ ਸੱਟ ਮਾਰ ਲੈਣਾ)।

**ਭਾਵਨਾ ਜਾਂ ਸੰਵੇਦਨਾ**

1) ਸੰਵੇਦਨਾ ਜਾਂ ਸੰਵੇਦਨਾ ਦੀ ਘਾਟ, ਆਵਾਜ਼ਾਂ, ਬਣਤਰ, ਸਵਾਦ, ਖੁਸ਼ਬੋ ਜਾਂ ਰੌਸ਼ਨੀ ਦੇ ਮਾਮਲੇ ਵਿੱਚ।
2) ਉੱਚੀ ਜਾਂ ਅਚਾਨਕ ਆਵਾਜ਼ ਕਾਰਣ ਸਮੱਸਿਆ ਪੈਦਾ ਹੋ ਜਾਂਦੀ।
3) ਬਹੁਤ ਜ਼ਿਆਦਾ ਜਾਂ ਬਿਲਕੁਲ ਘੱਟ ਦਰਦ ਸੰਬੰਧੀ ਸਹਿਣਸ਼ੀਲਤਾ।
4) ਕੁਝ ਖਾਣਿਆਂ ਦੀ ਬਣਤਰ, ਰੰਗ ਜਾਂ ਉਨ੍ਹਾਂ ਦੀ ਪਲੇਟ ਵਿੱਚ ਪੇਸ਼ਕਾਰੀ ਸਬੰਧੀ ਅਸਹਿਣਸ਼ੀਲਤਾ (ਇੱਕ ਖਾਣਾ, ਦੂਜੇ ਨੂੰ ਛੂਹੇ ਨਾ)
5) ਲੋਕਾਂ ਵਿੱਚ ਆਪਣੇ ਆਪ ਨੂੰ ਅਜੀਬ ਤਰ੍ਹਾਂ ਨਾਲ ਛੂਹਣਾ।
6) ਬਿਨਾਂ ਕਿਸੇ ਕਾਰਣ ਹੱਸਣਾ, ਰੋਣਾ ਜਾਂ ਉਦਾਸ ਹੋ ਜਾਣਾ।
7) ਆਰਾਮਦਾਇਕ ਚੀਜ਼ਾਂ ਦੀ ਇੱਛਾ ਕਰਨੀ (ਕੰਬਲ, ਟੈਡੀ-ਬੀਅਰ, ਰੱਸੀ ਆਦਿ)
8) ਮਾਹੌਲ ਦੇ ਪਰਿਵਰਤਨ ਦਾ ਵਿਰੋਧ ਕਰਨਾ (ਲੋਕਾਂ, ਸਥਾਨਾਂ ਅਤੇ ਚੀਜ਼ਾਂ ਦਾ)

9) ਕਿਸੇ ਭਾਵੁਕ ਗੱਲ ਕਾਰਣ, ਸਾਰੇ ਦਿਨ ਦਾ ਮੂਡ ਨਿਸਚਿੱਤ ਹੁੰਦਾ ਹੈ। ਭਾਵੁਕ ਗੱਲ ਕਰਕੇ ਅਚਾਨਕ ਮੂਡ ਦਾ ਖਰਾਬ ਹੋਣਾ ਜਾਂ ਲੰਮੇ ਸਮੇਂ ਤੱਕ ਉਸਦਾ ਅਸਰ ਕਾਇਮ ਰਹਿਣਾ।
10) ਬਾਹਰਲੀ ਉਤੇਜਨਾ ਨਾਲ ਸ਼ਾਂਤੀ ਮਿਲਣੀ, ਜਿਵੇਂ ਕਿ ਦਿਲ ਨੂੰ ਟੁੰਬਣ ਵਾਲੀ ਆਵਾਜ਼, ਕੋਈ ਘੁੰਮਦੀ ਹੋਈ ਚੀਜ਼, ਝੂਲੇ ਦਾ ਦਬਾਅ ਆਦਿ।
11) ਬੇਚੈਨੀ ਅਤੇ ਟੈਨਸ਼ਨ ਦੂਰ ਕਰਨ ਲਈ ਇੱਕਲਿਆਂ ਛੱਡ ਦੇਣਾ ਚਾਹੀਦਾ ਹੈ।

## ਸਕੂਲ ਨਾਲ ਸਬੰਧਿਤ ਹੁਨਰ

1) ਕੁਝ ਖੇਤਰਾਂ ਵਿੱਚ ਬਹੁਤ ਜ਼ਿਆਦਾ ਹੁਨਰ ਅਤੇ ਕੁਝ ਵਿੱਚ ਬਿਲਕੁੱਲ ਹੀ ਘੱਟ।
2) ਕੁਝ ਖੇਤਰਾਂ ਵਿੱਚ ਰੱਟਾ ਲਾਉਣ ਵਿੱਚ ਮਾਹਿਰ।
3) ਪੜ੍ਹਨ ਲਗਿਆਂ ਮੁਸ਼ਕਿਲ ਪੇਸ਼ ਆਉਣੀ (ਉੱਤਰ ਦੇ ਸਕਦਾ ਹੈ ਪਰ ਉਸਨੂੰ ਸੰਖੇਪ ਨਹੀਂ ਕਰ ਸਕਦਾ ਜਾਂ ਚਿੰਨ੍ਹ ਨਹੀਂ ਦਸ ਸਕਦਾ।)
4) ਕਲਾ ਸਬੰਧੀ ਕਾਰਜਾਂ ਵਿੱਚ ਮੁਸ਼ਕਿਲ ਪੇਸ਼ ਆਉਣੀ (ਜਿਵੇਂ ਰੰਗ ਭਰਨੇ, ਪ੍ਰਿੰਟਿੰਗ ਕਰਨੀ, ਕੱਟਣ ਦਾ ਕੰਮ, ਚਿਪਕਾਉਣ ਦਾ ਕੰਮ ਆਦਿ)।
5) ਬਹੁਤ ਸਾਰੇ ਪਾਠਾਂ ਵਿਚ ਧਿਆਨ ਘੱਟ ਦੇਣਾ।
6) ਹਦਾਇਤਾਂ ਦਾ ਪਾਲਣ ਕਰਨ ਸਮੇਂ ਵਿਰੋਧ ਕਰਨਾ ਜਾਂ ਅਣਜਾਣ ਬਣ ਜਾਣਾ।
7) ਸਕੂਲ ਵਿੱਚ ਇੱਕ ਕਾਰਜ ਤੋਂ ਦੂਜੇ ਕਾਰਜ ਨੂੰ ਕਰਨ ਵਿੱਚ ਮੁਸ਼ਕਿਲ ਪੇਸ਼ ਆਉਣੀ।

## ਸਿਹਤ/ਗਤੀਵਿਧੀ

1) ਪੱਬਾਂ ਭਾਰ ਤੁਰਨਾ।
2) ਇੱਕ ਫਰਸ਼ ਤੋਂ ਦੂਜੇ ਫਰਸ਼ ਤੇ ਜਾਣ ਵਿੱਚ ਮੁਸ਼ਕਿਲ ਪੇਸ਼ ਆਉਣੀ। (ਜਿਵੇਂ ਕਾਰਪੈਟ ਤੋਂ ਲੱਕੜੀ ਦੇ ਫਰਸ਼ ਤੇ ਜਾਂ ਫੁੱਟਪਾਥ ਤੋਂ ਘਾਹ ਤੇ ਜਾਣ ਸਮੇਂ)।
3) ਅਜੀਬ ਕਿਸਮ ਦੀ ਮੁਦਰਾ ਜਾਂ ਅੰਦਾਜ਼ ਬਣਾਉਣਾ।
4) ਖਾਲੀ ਸਥਾਨ ਤੋਂ ਲੰਘਣ ਲਗਿਆਂ ਮੁਸ਼ਕਿਲ (ਉੱਚੀ-ਨੀਵੀਂ ਜਗਾ ਤੋਂ ਲੋਕਾਂ ਵਿੱਚ ਜਾਂ ਹੋਰ ਵਸਤਾਂ ਵਿੱਚ ਜਾਣ ਸਮੇਂ)।
5) ਬਿਨਾਂ ਬਾਂਹਾਂ ਹਿਲਾਏ ਨਾ ਤੁਰਨਾ।
6) ਆਪਣੇ ਪੇਸ਼ਾਬ ਅਤੇ ਸ਼ੌਚ ਉੱਤੇ ਕਾਬੂ ਨਾ ਹੋਣਾ।
7) ਕਬਜ਼ ਹੋਣੀ।
8) ਅਕਸਰ ਗੈਸ ਨਿਕਲਦੀ ਰਹਿਣੀ।
9) ਇਸ ਤਰ੍ਹਾਂ ਬਹਾਨਾ ਕਰਨਾ ਕਿ ਘੱਟ ਸੁਣਦਾ ਹੈ, ਲੇਕਿਨ ਉਂਜ ਬਿਲਕੁੱਲ ਠੀਕ ਸੁਣਾਈ ਦਿੰਦਾ ਹੈ।

10) ਐਲਰਜੀ ਹੋਣਾ ਅਤੇ ਖਾਣੇ ਸਬੰਧੀ ਸੰਵੇਦਨਸ਼ੀਲਤਾ ਹੋਣਾ।
11) ਸੌਣ ਦੇ ਵੱਖ-ਵੱਖ ਅੰਦਾਜ਼ ਜਾਂ ਮੁਦਰਾਵਾਂ।
12) ਆਪਣੀਆਂ ਸਰੀਰਕ ਕ੍ਰਿਆਵਾਂ ਦਾ ਧਿਆਨ ਨਾ ਰੱਖਣਾ। (ਮਸਲਨ: ਵਾਲਾਂ ਦਾ, ਦੰਦਾਂ ਦਾ, ਸਰੀਰਕ ਅੰਗਾਂ ਤੇ ਸੁੰਗਧਾਂ ਦਾ ਆਦਿ)

**1.4.4 ਕਾਰਣ :** ਵਿਗਿਆਨੀ ਇਸ ਬਾਰੇ ਸੁਨਿਸਚਿੱਤ ਨਹੀਂ ਹਨ ਕਿ ਆਤਮਲੀਨਤਾ ਦੇ ਕੀ ਕਾਰਣ ਹਨ ਲੇਕਿਨ ਇਹ ਕਿਹਾ ਜਾ ਸਕਦਾ ਹੈ ਕਿ ਇਸ ਪਿੱਛੇ ਪੈਦਾਇਸ਼ ਅਤੇ ਵਾਤਾਵਰਣ ਦਾ ਰੋਲ ਹੁੰਦਾ ਹੈ। ਖੋਜ ਨੇ ਇਸ ਬਿਮਾਰੀ ਦੇ ਨਾਲ ਸਬੰਧਿਤ ਕਈ ਜੀਨਜ਼ ਬਾਰੇ ਦੱਸਿਆ ਹੈ । ਉਨ੍ਹਾਂ ਨੇ ਦੱਸਿਆ ਹੈ ਕਿ ਦਿਮਾਗ ਦੇ ਕਈ ਹਿੱਸਿਆਂ ਵਿੱਚ ਗੜਬੜ ਹੁੰਦੀ ਹੈ। ਕੁਝ ਹੋਰ ਖੋਜਾਂ ਵਿੱਚ ਦੱਸਿਆ ਗਿਆ ਹੈ ਕਿ ਆਤਮਲੀਨਤਾ ਵਾਲੇ ਇਨਸਾਨਾਂ ਵਿੱਚ ਸੈਰੋਟੋਨਿਨ (ਇੱਕ ਰਸਾਇਣ, ਜਿਹੜਾ ਦਿਮਾਗ ਤੋਂ ਸੁਨੇਹੇ ਲੈ ਕੇ ਆਉਂਦਾ ਹੈ।) ਦਾ ਲੈਵਲ, ਅਸਾਧਾਰਣ ਹੁੰਦਾ ਹੈ। ਇਨ੍ਹਾਂ ਅਸਾਧਾਰਣਤਾਵਾਂ ਤੋਂ ਪਤਾ ਚਲਦਾ ਹੈ ਕਿ ਆਤਮਲੀਨਤਾ, ਭਰੂਣ ਦੇ ਵਿਕਸਿਤ ਹੋਣ ਸਮੇਂ ਹੀ, ਉਸ ਦੇ ਦਿਮਾਗ ਦੇ ਵਿਕਾਸ ਵਿੱਚ ਵਿਘਨ ਪੈ ਜਾਂਦਾ ਹੈ ਜੋ ਕਿ ਜੀਨਜ਼ ਵਿਚਲੇ ਨੁਕਸ ਕਾਰਣ ਹੁੰਦਾ ਹੈ। ਸੰਭਵਤਾ ਐਸਾ ਤਾਂ ਹੁੰਦਾ ਹੈ ਕਿ ਜੀਨਜ਼ ਦੇ ਕਾਰਜ ਨੂੰ ਵਾਤਾਵਰਣ ਵਧੇਰੇ ਪ੍ਰਭਾਵਿਤ ਕਰ ਦਿੰਦਾ ਹੈ।

ਕੁਝ ਖੋਜਾਂ ਵਿੱਚ ਦਸਿਆ ਗਿਆ ਹੈ ਕਿ ਕੁਝ ਲੋਕਾਂ ਵਿੱਚ ਆਤਮਲੀਨਤਾ ਦੀ ਜਨਮ ਵੇਲੇ ਹੀ ਸੰਭਾਵਨਾ ਨਜ਼ਰ ਆਉਂਦੀ ਹੈ। ਇੱਕੋ ਜਿਹੇ ਜੁੜਵਾ ਬੱਚਿਆਂ ਦੀ ਖੋਜ ਸਬੰਧੀ ਕਿਹਾ ਗਿਆ ਹੈ, ਜਦੋਂ ਇੱਕ ਬੱਚੇ ਨੂੰ ਕੁਝ ਹੁੰਦਾ ਹੈ ਤਾਂ ਦੂਜੇ ਬੱਚੇ ਨੂੰ ਵੀ ਉਹੀ ਕੁਝ ਹੋਵੇਗਾ, ਇਹ 90% ਤੱਕ ਕਿਹਾ ਜਾ ਸਕਦਾ ਹੈ। ਖੋਜੀ ਇਹ ਲੱਭ ਰਹੇ ਹਨ ਕਿ ਉਹ ਕਿਹੜੇ ਜੀਨਜ਼ ਹਨ ਜਿਨ੍ਹਾਂ ਕਾਰਣ ਇਹ ਸੰਭਾਵਨਾ ਜਾਂ ਗੁੰਜਾਇਸ਼ ਬਣੀ ਰਹਿੰਦੀ ਹੈ। ਕੁਝ ਕੇਸਾਂ ਵਿੱਚ ਇਹ ਵੀ ਦੇਖਿਆ ਗਿਆ ਹੈ ਕਿ ਆਤਮਲੀਨਤਾ ਦੇ ਸ਼ਿਕਾਰ ਬੱਚੇ ਦੇ ਮਾਪਿਆਂ ਅਤੇ ਹੋਰ ਰਿਸ਼ਤੇਦਾਰਾਂ ਵਿੱਚ ਵੀ ਕੁਝ ਨਾ ਕੁਝ ਨੁਕਸ ਹੁੰਦਾ ਹੈ। ਇਸ ਗੱਲ ਦੇ ਵੀ ਸਬੂਤ ਹਨ ਕਿ ਆਤਮਲੀਨਤਾ ਵਾਲੇ ਬੱਚੇ ਦੇ ਪਰਿਵਾਰ ਵਿੱਚ ਭਾਵਨਾਤਮਕ ਦੋਸ਼ ਦੇ ਲੱਛਣ ਦਰਸਾਈ ਦਿੰਦੇ ਹਨ। ਜਿਸ ਨੂੰ ਦੋ-ਧੁਰਾ ਦੋਸ਼ ਕਿਹਾ ਜਾਂਦਾ ਹੈ।

## 1.4.5 ਸਿੱਖਿਆ ਸਬੰਧੀ ਪ੍ਰਬੰਧ:

1) **ਘੱਟ ਤੋਂ ਘੱਟ ਬੰਧੇਜ ਵਾਲਾ ਮਾਹੌਲ:** ਜ਼ਿਲ੍ਹੇ ਦੇ ਸਕੂਲਾਂ ਨੂੰ ਚਾਹੀਦਾ ਹੈ ਕਿ ਉਹ ਅਪੰਗ ਬੱਚਿਆਂ ਨੂੰ ਗੈਰ ਅਪੰਗ ਬੱਚਿਆਂ ਦੇ ਨਾਲ ਇੱਕੋ ਕਲਾਸ ਵਿੱਚ ਬਿਠਾ ਕੇ ਪੜ੍ਹਾਉਣ, ਨਿਰਸੰਦੇਹ ਉਨ੍ਹਾਂ ਨੂੰ ਸਹਾਇਕ ਸਮੱਗਰੀ ਅਤੇ ਵਿਸ਼ੇਸ਼ ਸਹੂਲਤਾਂ ਵੀ ਲੋੜ ਅਨੁਸਾਰ ਮੁਹੱਈਆ ਕਰਵਾਈਆਂ ਜਾਣ। ਇਸ ਪ੍ਰਕਾਰ ਇਹ ਸੰਭਵ ਹੋ ਸਕੇਗਾ। ਇਸ ਦਾ ਇਹ ਵੀ ਅਰਥ ਨਹੀਂ ਲੈਣਾ ਚਾਹੀਦਾ ਕਿ ਹਰੇਕ ਅਪੰਗ ਬੱਚਾ ਨਿਯਮਿਤ ਕਲਾਸ ਵਿੱਚ ਦੂਜੇ

ਬੱਚਿਆਂ ਨਾਲ ਹੀ ਪੜ੍ਹੇਗਾ। ਇਸ ਦਾ ਮਨੋਰਥ ਇਹ ਹੈ ਕਿ ਜਿੱਥੋਂ ਤੱਕ ਹੋ ਸਕੇ ਅਪੰਗ ਬੱਚਿਆਂ ਨੂੰ ਆਪਣੇ ਘਰ ਦੇ ਨੇੜੇ ਕੁਦਰਤੀ ਮਾਹੌਲ ਦਿੱਤਾ ਜਾ ਸਕੇ। ਆਤਮਲੀਨਤਾ ਵਾਲੇ ਬੱਚਿਆਂ ਨੂੰ ਜਨਰਲ ਸਿੱਖਿਆ ਦੇ ਮਾਹੌਲ ਵਿੱਚ ਸੰਮਿਲਿਤ ਕਰਨ ਨੂੰ ਮੁੱਖ ਧਾਰਾ ਵਿੱਚ ਲਿਆਉਣਾ ਆਖਿਆ ਜਾਂਦਾ ਹੈ। ਮੁੱਖ-ਧਾਰਾ ਵਿੱਚ ਲਿਆਉਣ ਦਾ ਮਤਲਬ ਇਹ ਨਹੀਂ ਹੈ ਕਿ ਆਤਮਲੀਨਤਾ ਦੇ ਸ਼ਿਕਾਰ ਵਿਦਿਆਰਥੀਆਂ ਨੂੰ ਸਾਧਾਰਣ ਵਿਦਿਆਰਥੀਆਂ ਵਾਂਗ ਹੀ ਸਿੱਖਿਅਤ ਕੀਤਾ ਜਾਵੇਗਾ। ਉਸ ਨੂੰ ਸਹੀ ਮਾਹੌਲ ਪ੍ਰਦਾਨ ਕਰਨ ਲਈ ਕਈ ਪ੍ਰਕਾਰ ਦੀ ਸਹਾਇਤਾ ਦਿੱਤੀ ਜਾਂਦੀ ਹੈ। ਠੀਕ ਪ੍ਰਕਾਰ ਦਾ ਪਰਿਵਰਤਨ ਕਰਨ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਸਹੀ ਯੋਜਨਾ ਅਤੇ ਸਹੀ ਸਿਖਲਾਈ ਪ੍ਰਦਾਨ ਕੀਤੀ ਜਾਵੇ। ਇਸ ਦੇ ਲਈ ਵਿਸ਼ੇਸ਼ ਸਿਖਲਾਈ-ਪ੍ਰਾਪਤ ਕਲਾਸ ਰੂਮ ਮੁਹੱਈਆ ਕਰਵਾਏ ਜਾਣ ਜਾਂ ਪਰਿਵਰਤਨ ਟੈੱਸਟ ਕਰਨ ਵਾਲਾ ਵਾਤਾਵਰਣ ਹੋਵੇ, ਉਨ੍ਹਾਂ ਬੱਚਿਆਂ ਦੇ ਅਨੁਕੂਲ ਸਿਲੇਬਸ ਬਣਾਇਆ ਜਾਵੇ, ਉਨ੍ਹਾਂ ਨੂੰ ਦਰਸ਼ੀ-ਸਾਧਨ ਜਾਂ ਉਨ੍ਹਾਂ ਦੇ ਅਨੁਕੂਲ ਸਾਜ਼ੋ-ਸਮਾਨ ਆਦਿ ਮੁਹੱਈਆ ਕਰਵਾਇਆ ਜਾਵੇ। ਵਿਸ਼ੇਸ਼ ਸਿੱਖਿਆ ਵਿਭਾਗ ਨੂੰ ਸਕੂਲ ਵਿਚਲੇ ਆਮ ਸਿੱਖਿਆ ਅਮਲੇ ਦੀ ਸਹਾਇਤਾ ਕਰਨੀ ਚਾਹੀਦੀ ਹੈ, ਜਿਹੜਾ ਆਤਮਲੀਨਤਾ ਵਾਲੇ ਬੱਚਿਆਂ ਦੇ ਰੂ-ਬ-ਰੂ ਹੁੰਦਾ ਹੈ। ਵਿਦਿਆਰਥੀ ਉੱਤੇ ਜਿੰਨੀ ਘੱਟ ਬੰਦਿਸ਼ ਜਾਂ ਰੋਕ ਹੋਵੇਗੀ, ਉਨਾ ਹੀ ਉਹ ਜ਼ਿਆਦਾ ਸਕੂਲ ਅਤੇ ਬਾਹਰ ਦੇ ਲੋਕਾਂ ਨਾਲ ਗੱਲਬਾਤ ਕਰ ਪਾਏਗਾ। ਦੂਜੇ ਸ਼ਬਦਾਂ ਵਿੱਚ ਸਹਾਇਕ ਅਮਲਾ, ਜਨਰਲ ਅਤੇ ਵਿਸ਼ੇਸ਼ ਅਧਿਆਪਕ, ਨਿਗਰਾਨ ਅਤੇ ਸਭ ਤੋਂ ਉੱਪਰ ਉਨ੍ਹਾਂ ਆਤਮਲੀਨਤਾ ਵਾਲੇ ਬੱਚਿਆਂ ਦੇ ਸਾਥੀ ਬੜਾ ਅਹਿਮ ਰੋਲ ਅਦਾ ਕਰ ਸਕਦੇ ਹਨ, ਉਨ੍ਹਾਂ ਨੂੰ ਠੀਕ ਕਰਨ ਵਿੱਚ।

2) **ਅਸਲੀ ਵਿਵਹਾਰ ਸਬੰਧੀ ਵਿਸ਼ਲੇਸ਼ਣ:** ਕਿਸੇ ਦੇ ਵਿਵਹਰ ਦਾ ਵਿਧੀਬੱਧ ਢੰਗ ਨਾਲ ਮੁਲਾਂਕਣ ਕਰਨ ਸਬੰਧੀ ਇਹ ਇੱਕ ਪ੍ਰਬੰਧ ਹੁੰਦਾ ਹੈ। ਵਿਵਹਾਰ ਦੇ ਵਿਸ਼ਲੇਸ਼ਣ ਸਬੰਧੀ ਸਿੱਧਾਤਾਂ ਰਾਹੀਂ, ਕਾਰਜ, ਮਾਹੌਲ ਦਾ ਨਿਯੰਤਰਣ, ਪਹਿਲਾ ਵਿਵਹਾਰ, ਮੌਜੂਦਾ ਨਤੀਜੇ ਅਤੇ ਹਾਂ-ਪੱਖੀ ਢੰਗ-ਤਰੀਕੇ ਅਪਣਾਉਣ ਸਬੰਧੀ ਅਜਿਹੀਆਂ ਤਕਨੀਕਾਂ ਹਨ ਜਿਨ੍ਹਾਂ ਨਾਲ ਆਤਮਲੀਨਤਾ ਵਾਲੇ ਬੱਚੇ ਦੇ ਸੁਭਾਅ ਵਿੱਚ ਤਬਦੀਲੀ ਲਿਆਂਦੀ ਜਾ ਸਕਦੀ ਹੈ। ਬਹੁਤ ਸਾਰੇ ਪ੍ਰੋਗਰਾਮ, ਇਸੇ ਸਿਧਾਂਤ ਨੂੰ ਅਪਣਾ ਕੇ ਮੁੱਢਲੀ ਸਿੱਖਿਆ ਪ੍ਰਦਾਨ ਕਰਦੇ ਹਨ, ਤਾਂ ਕਿ ਹਾਂ-ਪੱਖੀ ਅਤੇ ਅਨੁਕੂਲ ਵਿਵਹਾਰ ਦਾ ਵਿਸਤਾਰ ਕੀਤਾ ਜਾ ਸਕੇ।

3) **ਅਲੱਗ ਪਰਖ ਸਿੱਖਿਆ ਜਾਂ ਲੋਵਾਸ ਮਾਡਲ:** ਇਸ ਦਾ ਪਾਠਕ੍ਰਮ, ਹੁਨਰ ਅਤੇ ਵਿਵਹਾਰ ਨਾਲ ਸਬੰਧਿਤ ਹੁੰਦਾ ਹੈ। ਹਰੇਕ ਹੁਨਰ ਨੂੰ ਛੋਟੇ-ਛੋਟੇ ਪੜ੍ਹਾਵਾਂ ਵਿੱਚ ਵੰਡਿਆ ਜਾਂਦਾ ਹੈ ਅਤੇ ਉਸਨੂੰ ਫਟਾਫਟ ਸਿਖਾਇਆ ਜਾਂਦਾ ਹੈ। ਜਦੋਂ ਬੱਚਾ ਸਿਖ ਜਾਂਦਾ ਹੈ, ਤਾਂ ਅਗਲੇ ਪੜ੍ਹਾਅ ਵੱਲ ਵਧਿਆ ਜਾਂਦਾ ਹੈ। ਬੱਚੇ ਨੂੰ ਉਸ ਪੜ੍ਹਾਅ ਨੂੰ ਸਿਖਣ ਲਈ ਅਤੇ ਅਭਿਆਸ ਕਰਨ ਲਈ ਪੂਰਾ ਪੂਰਾ ਮੌਕਾ ਦਿੱਤਾ ਜਾਂਦਾ ਹੈ। ਜਦੋਂ ਬੱਚਾ ਸਹੀ ਢੰਗ ਨਾਲ

ਕਰ ਲੈਂਦਾ ਹੈ ਤਾਂ ਉਸ ਨੂੰ ਸ਼ਾਬਾਸ਼ ਦਿੱਤੀ ਜਾਂਦੀ ਹੈ, ਤਾਂ ਕਿ ਉਹ ਹੋਰ ਪ੍ਰੇਰਿਤ ਤੇ ਉਤਸ਼ਾਹਿਤ ਹੋ ਸਕੇ।

4) **ਫਲੋਰਟਾਈਮ:** ਇਸ ਢੰਗ ਜਾਂ ਵਿਧੀ ਰਾਹੀਂ ਫਰਸ਼ ਤੇ ਖਿਡਾਇਆ ਜਾਂਦਾ ਹੈ ਅਤੇ ਉਸ ਦੀ ਰੁਚੀ ਲੋਕਾਂ ਵਿੱਚ ਪੈਦਾ ਕੀਤੀ ਜਾਂਦੀ ਹੈ, ਤਾਂ ਕਿ ਉਹ ਸੰਵੇਦਨਸ਼ੀਲ ਬਣ ਸਕੇ। ਅਜਿਹੀਆਂ ਖੇਡਾਂ ਵਿੱਚ ਬੱਚੇ ਨੂੰ ਅੱਗੇ ਲਗਾ ਕੇ ਅਗਵਾਈ ਕਰਵਾਈ ਜਾਂਦੀ ਹੈ।

5) **ਤਸਵੀਰਾਂ ਦੇ ਰਾਹੀਂ ਸੰਚਾਰ ਪ੍ਰਬੰਧ:** ਇਸ ਪ੍ਰਬੰਧ ਤਹਿਤ, ਜਿਹੜੇ ਬੱਚੇ ਬਹੁਤ ਘੱਟ ਜਾਂ ਬਿਲਕੁੱਲ ਹੀ ਨਹੀਂ ਬੋਲਦੇ, ਉਨ੍ਹਾਂ ਨੂੰ ਤਸਵੀਰਾਂ ਦੀ ਸਹਾਇਤਾ ਨਾਲ ਪੜ੍ਹਾਇਆ ਜਾਂਦਾ ਹੈ। ਕੋਈ ਵੀ ਵੱਡਾ, ਉਸ ਬੱਚੇ ਨੂੰ ਲਗਾਤਾਰ ਤਸਵੀਰਾਂ, ਫੋਟੋਆਂ ਦੇ ਰਾਹੀਂ ਇੱਕ ਸ਼ਬਦਾਵਲੀ ਕਾਇਮ ਕਰ ਦਿੰਦਾ ਹੈ, ਜਿਸ ਦੀ ਸਹਾਇਤਾ ਨਾਲ ਬੱਚਾ ਆਪਣੇ ਹਾਵ-ਭਾਵ, ਇੱਛਾਵਾਂ ਅਤੇ ਵਿਚਾਰ ਜ਼ਾਹਿਰ ਕਰ ਸਕਦਾ ਹੈ। ਇਹ ਸਭ ਤੋਂ ਪਹਿਲਾਂ, ਬੱਚੇ ਨੂੰ ਕਿਸੇ ਚੀਜ਼ ਦੀ ਫੋਟੋ ਦਿਖਾਉਣ ਤੋਂ ਸ਼ੁਰੂ ਕੀਤਾ ਜਾਂਦਾ ਹੈ। ਫਲਸਰੂਪ ਉਹ ਫੋਟੋਆਂ ਅਤੇ ਚਿੰਨ੍ਹਾਂ ਵਿਚਲੇ ਫਰਕ ਤੋਂ ਜਾਣੂ ਹੋ ਜਾਂਦਾ ਹੈ ਅਤੇ ਫੇਰ ਉਹ ਇਨ੍ਹਾਂ ਨੂੰ ਵਾਕਾਂ ਵਿੱਚ ਵਰਤਣ ਲਗ ਪੈਂਦਾ ਹੈ। ਇਹ ਵਿਧੀ ਦਰਸ਼ੀ-ਸਾਧਨਾਂ ਉੱਤੇ ਆਧਾਰਿਤ ਹੈ। ਬੋਲਣ ਸਬੰਧੀ ਪਕਿਆਈ, ਇਕ ਪ੍ਰਮੁੱਖ ਅੰਗ ਹੈ ਅਤੇ ਇਸ ਨਾਲ ਬੋਲਣ ਸਬੰਧੀ ਸੰਚਾਰ ਨੂੰ ਉਤਸ਼ਾਹ ਮਿਲਦਾ ਹੈ।

6) **ਆਤਮਲੀਨਤਾ ਵਾਲੇ ਵਿਦਿਆਰਥੀਆਂ ਲਈ ਵਰਤੇ ਜਾਂਦੇ ਉਪਾਅ:**

i) **ਵਿਵਸਾਇਕ ਚਿਕਿਤਸਾ:** ਇਸ ਚਿਕਿਤਸਾ ਵਿੱਚ ਬੱਚੇ ਨੂੰ ਸੰਗਿਆਨਕ, ਸਰੀਰਕ ਅਤੇ ਗਤੀਸ਼ੀਲਤਾ ਦੇ ਹੁਨਰ ਸਿਖਾਏ ਜਾਂਦੇ ਹਨ, ਤਾਂ ਕਿ ਉਹ ਜ਼ਿੰਦਗੀ ਵਿੱਚ ਸੁਤੰਤਰ ਹੋ ਕੇ ਵਿਚਰ ਸਕੇ। ਆਤਮਲੀਨਤਾ ਵਾਲੇ ਵਿਦਿਆਰਥੀ ਨੂੰ ਉਸ ਦੇ ਲਈ ਯੋਗ ਖੇਡ ਤੇ ਕੇਂਦ੍ਰਿਤ ਕੀਤਾ ਜਾਂਦਾ ਹੈ, ਚੰਗੀ ਤਰ੍ਹਾਂ ਤੁਰਨ ਫਿਰਨ ਅਤੇ ਸਮਾਜਿਕ ਜੀਵਨ ਦੇ ਮੁੱਢਲੇ ਤੇ ਵਧੀਆ ਗੁਣਾਂ ਨੂੰ ਸੰਚਾਰਿਤ ਕੀਤਾ ਜਾਂਦਾ ਹੈ। ਜਿਵੇਂ ਕਿ ਆਪਣੇ ਆਪ ਤਿਆਰ ਹੋਣਾ, ਆਪੇ ਖਾਣਾ, ਆਪੇ ਖ਼ੁਦ ਨੂੰ ਸ਼ਿੰਗਾਰਨਾ ਅਤੇ ਆਪੇ ਹੀ ਟਾਇਲਟ ਦਾ ਇਸਤੇਮਾਲ ਕਰਨਾ।

ii) **ਸਰੀਰਕ ਇਲਾਜ:** ਇਕ ਸਰੀਰਕ ਚਿਕਿਤਸਕ, ਕਾਰਜ ਸਬੰਧੀ ਸੀਮਾਵਾਂ ਤੋਂ ਪੈਦਾ ਹੁੰਦੀਆਂ ਸਮੱਸਿਆਵਾਂ ਤੇ ਕੇਂਦ੍ਰਿਤ ਹੁੰਦਾ ਹੈ। ਆਤਮਲੀਨ ਵਿਦਿਆਰਥੀਆਂ ਨੂੰ ਗੀਤਸ਼ੀਲ ਕਾਰਜਾਂ ਵਿੱਚ ਮਸ਼ਕਿਲ ਪੇਸ਼ ਆਉਂਦੀ ਹੈ, ਜਿਵੇਂ ਕਿ ਬੈਠਣ, ਤੁਰਨ, ਦੌੜਨ ਅਤੇ ਕੁੱਦਣ ਲਗਿਆਂ। ਇਸ ਕਾਰਜ ਲਈ ਸਰੀਰਕ ਚਿਕਿਤਸਕ ਪੱਠਿਆਂ ਦਾ ਸੰਤੁਲਨ ਅਤੇ ਤਾਲਮੇਲ ਬਣਾਉਣ ਵਿੱਚ ਸਹਾਇਤਾ ਕਰ ਸਕਦਾ ਹੈ। ਵਿਦਿਆਰਥੀ ਦੇ ਮੁਲਾਂਕਣ ਤੋਂ ਪਤਾ ਚਲਦਾ ਹੈ ਕਿ ਉਸ ਦੇ ਵਿਕਾਸ ਜਾਂ ਯੋਗਤਾ ਦਾ ਕੀ ਪੱਧਰ ਹੈ ਅਤੇ ਉਸੇ ਅਨੁਸਾਰ ਉਸ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਉਸ ਦੀ ਸਹਾਇਤਾ ਕੀਤੀ ਜਾਂਦੀ ਹੈ।

**iii) ਸੰਵੇਦੀ-ਸਯੁੰਕਤ ਚਿਕਿਤਸਾ:** ਇਸ ਬਿਮਾਰੀ ਵਿੱਚ ਬੱਚੇ ਦੇ ਦਿਮਾਗ ਦੀ ਸੰਵੇਦੀ ਇਨਪੁਟ ਪ੍ਰਕਿਰਿਆ ਵਿੱਚ ਗੜਬੜ ਹੋ ਜਾਂਦੀ ਹੈ। ਇਸ ਚਿਕਿਤਸਾ ਰਾਹੀਂ ਐਸੇ ਢੰਗ-ਤਰੀਕੇ ਅਪਣਾਏ ਜਾਂਦੇ ਹਨ, ਜਿਸ ਨਾਲ ਗਿਆਨ ਇੰਦਰੀਆਂ ਵਧੇਰੇ ਕਾਰਗਰ ਹੋ ਕੇ ਕ੍ਰਿਆਸ਼ੀਲ ਬਣ ਸਕਣ। ਇਸ ਦੇ ਲਈ ਇੱਕ ਸਿੱਖਿਅਤ ਚਿਕਿਤਸਕ, ਸਭ ਤੋਂ ਪਹਿਲਾਂ ਮੁਲਾਂਕਣ ਕਰਦਾ ਹੈ ਅਤੇ ਫੇਰ ਖੋਜ-ਅਧਾਰਿਤ ਵਿਧੀਆਂ ਅਪਨਾਉਂਦਾ ਹੈ, ਤਾਂ ਕਿ ਬੱਚੇ ਦੇ ਲਈ ਕੋਈ ਵਿਅਕਤੀਗਤ ਪ੍ਰੋਗਰਾਮ ਬਣਾਇਆ ਜਾ ਸਕੇ ਤਾਂ ਕਿ ਉਸ ਦੀ ਸੰਵਦੇਨਾ-ਉਤੇਜਨਾ, ਉਸਦੀ ਸਰੀਰਕ ਗੀਤ ਨਾਲ ਮੇਲ ਖਾ ਸਕੇ ਅਤੇ ਦਿਮਾਗੀ ਪ੍ਰਕਿਰਿਆ ਵਿੱਚ ਸੁਧਾਰ ਹੋ ਸਕੇ।

**iv) ਬੋਲ-ਸੁਧਾਰ:** ਆਤਮਲੀਨਤਾ ਵਾਲੇ ਬੱਚਿਆਂ ਲਈ ਇਸ ਖੇਤਰ ਦਾ ਮਾਹਿਰ, ਵੱਖ-ਵੱਖ ਤਕਨੀਕਾਂ ਅਪਨਾਉਂਦਾ ਹੈ। ਉਹ ਬੋਲਣ ਢੰਗ ਦੀ ਰਚਨਾ ਜਾਂ ਬਣਤਰ ਬਾਰੇ ਦਸਦਾ ਹੈ ਅਤੇ ਭਾਸ਼ਾ ਦੇ ਅਰਥ ਤੇ ਭਾਸ਼ਾ ਦੇ ਮਹੱਤਵ ਬਾਰੇ ਵੀ ਦਸਦਾ ਹੈ। ਜਿਹੜੇ ਵਿਦਿਆਰਥੀ ਬਿਲਕੁੱਲ ਨਹੀਂ ਬੋਲਦੇ, ਮਾਹਿਰ ਉਨ੍ਹਾਂ ਨੂੰ ਸੰਚਾਰ ਦੇ ਹੋਰ ਸਾਧਨਾਂ ਬਾਰੇ ਦਸਦਾ ਹੈ ਜਾਂ ਉਨ੍ਹਾਂ ਨੂੰ ਮੌਖਿਕ ਅਭਿਆਸ ਕਰਵਾਉਂਦਾ ਹੈ, ਤਾਂ ਕਿ ਉਹ ਆਪਣੇ ਮੂੰਹ ਤੇ ਚੰਗੀ ਤਰ੍ਹਾਂ ਕੰਟਰੋਲ ਕਰ ਪਾਉਣ। ਜਿਹੜੇ ਵਿਦਿਆਰਥੀ ਲਗਾਤਾਰ ਇਕੋ ਵਿਸ਼ੇ ਤੇ ਬੋਲਦੇ ਰਹਿੰਦੇ ਹਨ, ਉਨ੍ਹਾਂ ਨੂੰ ਮਾਹਿਰ ਵਧੇਰੇ ਗਿਆਨ ਦਾ ਭੰਡਾਰ ਪ੍ਰਦਾਨ ਕਰਦੇ ਹਨ। ਉਨ੍ਹਾਂ ਨੂੰ ਪੜ੍ਹਨ ਲਈ ਸੰਕੇਤਕ-ਬੋਲ ਪ੍ਰਦਾਨ ਕਰਦੇ ਹਨ ਅਤੇ ਇਹ ਵੀ ਦੱਸਦੇ ਹਨ ਕਿ ਸੁਣਨ ਵਾਲੇ ਦੇ ਮੁਤਾਬਿਕ ਹੀ ਗੱਲਬਾਤ ਕਰਨੀ ਹੈ। ਇਸ ਪ੍ਰੋਗਰਾਮ ਦੇ ਅਧੀਨ, ਮਾਹਿਰ ਵਲੋਂ ਸਭ ਤੋਂ ਪਹਿਲਾਂ, ਵਿਦਿਆਰਥੀ ਦਾ ਮੁਲਾਂਕਣ ਕੀਤਾ ਜਾਂਦਾ ਹੈ ਅਤੇ ਫੇਰ ਇੱਕ ਛੋਟੇ ਗਰੁੱਪ ਵਿੱਚ ਜਾਂ ਕਲਾਸ ਰੂਮ ਵਿੱਚ ਹੀ ਇੱਕ-ਇੱਕ ਕਰਕੇ ਸਭ ਵਿਦਿਆਰਥੀਆਂ ਦਾ ਇਲਾਜ ਕੀਤਾ ਜਾਂਦਾ ਹੈ।

## 1.4.6 ਤਜਵੀਜ਼ਤ ਪ੍ਰਸ਼ਨ:

1) ਆਤਮਲੀਨਤਾ ਤੋਂ ਕੀ ਭਾਵ ਹੈ?
2) ਆਤਮਲੀਨਤਾ ਦੀਆਂ ਵਿਸ਼ੇਸ਼ਤਾਈਆਂ ਬਾਰੇ ਵਿਸਤਾਰ ਸਹਿਤ ਲਿਖੋ।
3) ਆਤਮਲੀਨਤਾ ਦੇ ਕੀ ਕਾਰਣ ਹਨ?
4) ਕਿਸੇ ਆਤਮਲੀਨਤਾ ਦੇ ਸ਼ਿਕਾਰ ਬੱਚੇ ਦੇ ਵਿਵਹਾਰ ਨੂੰ ਬਦਲਣ ਵਿੱਚ ਅਧਿਆਪਕ ਦਾ ਕੀ ਰੋਲ ਹੁੰਦਾ ਹੈ?

## 1.4.7 ਤਜਵੀਜ਼ਤ ਪੁਸਤਕਾਂ ਅਤੇ ਵੈੱਬ ਸ੍ਰੋਤ

1 Heward, William L. and Orlansky, Michael D. (1992). Exceptional children. Fourth Edition. New York : Macmillan Publishing Company.

2 Gearheart, Bill R., Weishahn, Mel W. and Gearheart, Carol J. (1992). The Exceptional student in the regular classroom. Fifth Edition. New York: Macmillan Publishing Company.

3 Kotwal, Parijit. (2008). Special Education. Delhi : Authors press Jawahar Park Laxmi Nagar

4 Kaur, Rajpal. (2005) Special Education. Delhi : Deep and Deep Publications.

5 https://en.wikipedia .org/wiki/Autism

6 www.fixers.org.uk/What-is-Autism